ਦਸੰਬਰ 2015, ਅੰਕ 2

Magazine on Low External Input Sustainable Agriculture

# LEISA INDIA

ਖਾਸ ਪੰਜਾਬੀ ਸੰਸਕਰਨ



**ਲੀਜ਼ਾ ਪੰਜਾਬੀ**

**ਦਸੰਬਰ, 2015**

ਲੀਜ਼ਾ ਇੰਡੀਆ ਦਾ ਚੌਥਾ ਪੰਜਾਬੀ ਅੰਕ ਲੀਜ਼ਾ ਇੰਡੀਆ ਦੇ ਸਹਿਯੋਗ ਨਾਲ ਖੇਤੀ ਵਿਰਾਸਤ ਮਿਸ਼ਨ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਲੀਜ਼ਾ ਇੰਡੀਆ ਵਿੱਚ ਪ੍ਰਕਾਸ਼ਿਤ ਅੰਗਰੇਜ਼ੀ ਦੇ ਕੁੱਝ ਮੂਲ ਲੇਖਾਂ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕੀਤਾ ਗਿਆ ਹੈ।

AME Foundation
No. 204, 100 Feet Ring Road, 3rd Phase,
Banashankari 2nd block, 3rd stage,
Bangalore- 560085 , India
Tel: +91-080-22699512, +91-080-22699522
Fax: +91-080-22699410
E-Mail: leisaindia@yahoo.co.in

*ਖੇਤੀ ਵਿਰਾਸਤ ਮਿਸ਼ਨ*
*ਗਲੀ ਨੰ. 4, ਆਰ. ਵੀ. ਸ਼ਾਂਤੀ ਨਗਰ,ਬਾਜਾਖਾਨਾ ਰੋਡ,*
*ਜੈਤੋ-151202 ਸੰਪਰਕ: 01635-231415, 503415*
*ਵੈੱਬਸਾਈਟ:* khetivirasatmission.org
*ਈਮੇਲ:* khetivirasatmission@gmail.com

*ਲੀਜ਼ਾ ਇੰਡੀਆ ਏ. ਐੱਮ. ਈ. ਫਾਂਊਡੇਸ਼ਨ ਦੁਆਰਾ ਆਈ. ਐੱਲ. ਈ. ਆਈ. ਏ. ਦੇ ਸਹਿਯੋਗ ਨਾਲ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਜਾਂਦੀ ਤ੍ਰੈਮਾਸਿਕ ਪੱਤ੍ਰਿਕਾ ਹੈ।*

***ਮੁੱਖ ਸੰਪਾਦਕ:*** *ਕੇ. ਵੀ. ਐੱਸ. ਪ੍ਰਸ਼ਾਦ, ਏ. ਐਮ. ਈ. ਫਾਊਂਡੇਸ਼ਨ*
***ਪ੍ਰਬੰਧਕ ਸੰਪਾਦਕ:*** *ਟੀ.ਐੱਮ. ਰਾਧਾ, ਏ. ਐੱਮ. ਈ. ਫਾਂਊਡੇਸ਼ਨ*
***ਅਨੁਵਾਦ ਕੋਆਰਡੀਨੇਅਰ:*** *ਪੂਰਨਿਮਾ, ਏ. ਐੱਮ. ਈ. ਫਾਂਊਡੇਸ਼ਨ*
***ਸੰਪਾਦਕ ਮੰਡਲ ਅਤੇ ਪੰਜਾਬੀ ਸੰਸਕਰਨ:*** ਉਮੇਂਦਰ ਦੱਤ, ਗੁਰਪ੍ਰੀਤ ਦਬੜ੍ਹੀਖਾਨਾ, ਜਗਤਾਰ ਸਿੰਘ ਧਾਲੀਵਾਲ, ਅਮਨਜੋਤ ਕੌਰ
**ਪ੍ਰਬੰਧਨ:** ਜੀ.ਜੀ.ਰੁਕਮਨੀ, ਏ.ਐੱਮ.ਈ.ਫਾਂਊਡੇਸ਼ਨ
**ਲੇਆਉਟ ਅਤੇ ਟਾਈਪ ਸੈਟਿੰਗ:** ਜਗਜੀਤ ਸਿੰਘ ਬਰਾੜ
**ਛਪਾਈ:** ਆਰ.ਡੀ.ਇੰਟਰਪ੍ਰਾਈਜਜ਼, ਇੰਡਸਟ੍ਰੀਅਲ ਏਰੀਆ, ਫੇਜ਼-1, ਚੰਡੀਗੜ੍ਹ
**ਆਵਰਣ ਫੋਟੋ:** ਖੇਤੀ ਵਿਰਾਸਤ ਮਿਸ਼ਨ
**ਲੀਜ਼ਾ ਪੱਤ੍ਰਿਕਾ ਦੇ ਹੋਰ ਪ੍ਰਕਸ਼ਨ:** ਫਾਰਮਿੰਗ ਮੈਟਰਜ਼ (ਅੰਗਰੇਜ਼ੀ)
ਲੀਸਾ ਰੀਵਿਸਟਾ ਡੇ ਐਗਰੋਈਕੋਲੋਜ਼ੀਆ (ਲਾਤੀਨੀ ਸੰਸਕਰਨ)
ਲੀਸਾ ਇੰਡੀਆ (ਅੰਗਰੇਜ਼ੀ, ਕੰਨੜਾ, ਤਾਮਿਲ, ਉੜੀਆ, ਮਰਾਠੀ, ਹਿੰਦੀ ਅਤੇ ਤੇਲਗੂ ਸੰਸਕਰਨ)
ਐਗਰੀਡੇਪ (ਪੱਛਮੀ ਅਫਰੀਕਾ, ਫਰੈਂਚ ਸੰਸਕਰਨ)
ਐਗਰੀਕਲਚਰਜ਼ ਐਕਸਪੀਰੀਐਂਸਿਆਸ ਏਮ ਐਗਰੋਈਕੋਲੋਜ਼ੀਆ ਬ੍ਰਾਜ਼ੀਲ ਬੋਆਬਾਬ(ਈਸਟ ਅਫਰੀਕਾ ਅੰਗਰੇਜ਼ੀ ਸੰਸਕਰਨ)
ਸੰਪਾਦਕ ਵੱਲੋਂ ਲੇਖਾਂ ਵਿੱਚ ਪ੍ਰਕਾਸ਼ਿਤ ਜਾਣਕਾਰੀ ਬਾਰੇ ਪੂਰੀ ਸਾਵਧਾਨੀ ਵਰਤੀ ਗਈ ਹੈ। ਫਿਰ ਵੀ ਸਾਂਝੀ ਕੀਤੀ ਗਈ ਜਾਣਕਾਰੀ ਵਿੱਚ ਕਿਸੇ ਵੀ ਕਮੀ ਦੀ ਜ਼ਿੰਮੇਵਾਰ ਸਬੰਧਤ ਲੇਖਕ ਦੀ ਹੋਵੇਗੀ।
**ਮਾਇਜੇਰੀਅਰ ਦੇ ਸਹਿਯੋਗ ਅਤੇ ਖੇਤੀ ਵਿਰਾਸਤ ਮਿਸ਼ਨ ਉੱਦਮ ਸਦਕਾ**
**ਏ.ਐੱਮ.ਈ. ਦੁਆਰਾ ਪ੍ਰਕਾਸ਼ਿਤ**

## ਪਿਆਰੇ ਪਾਠਕੋ

ਏ.ਐੱਮ.ਈ.ਫਾਊਂਡੇਸ਼ਨ ਦੁਆਰਾ ਭਾਰਤ ਵਿੱਚ ਪ੍ਰਕਾਸ਼ਿਤ ਕੌਮਾਂਤਰੀ ਖੇਤੀ ਪੱਤ੍ਰਿਕਾ ਲੀਜ਼ਾ ਇੰਡੀਆਂ ਦੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੱਢੇ ਗਏ ਪੰਜਾਬੀ ਸੰਸਕਰਨ ਦਾ ਚੌਥਾ ਅੰਕ ਆਪਜੀ ਦੀ ਨਜ਼ਰ ਕਰਦਿਆਂ ਸਾਨੂੰ ਬੇਹੱਦ ਖੁਸ਼ੀ ਹੋ ਰਹੀ ਹੈ। ਪਤ੍ਰਿਕਾ ਨੂੰ ਆਪਜੀ ਤੋਂ ਮਿਲ ਰਹੇ ਭਰਭੂਰ ਹੁੰਗਾਰੇ ਅਤੇ ਪਿਆਰ ਸਦਕਾ ਲੀਜ਼ਾ ਪੰਜਾਬੀ ਰਾਹੀਂ ਆਪਜੀ ਨਾਲ ਉੱਚ ਮਿਆਰੀ ਅਤੇ ਅਰਥਪੂਰਨ ਜਾਣਕਾਰੀ ਸਾਂਝੀ ਕਰਨ ਲਈ ਅਸੀਂ ਹੋਰ ਵੀ ਪ੍ਰਤੀਬੱਧ ਹੋ ਗਏ ਹਾਂ।

ਸਾਡੀ ਹਮੇਸ਼ਾ ਇਹ ਹੀ ਕੋਸ਼ਿਸ਼ ਰਹੇਗੀ ਕਿ 'ਲੀਜ਼ਾ ਇੰਡੀਆ' ਦੁਆਰਾ ਖੇਤੀ -ਕਿਸਾਨੀ ਦੀ ਬਿਹਤਰੀ ਅਤੇ ਖੇਤੀ ਨੂੰ ਟਿਕਾਊ ਆਜੀਵਿਕਾ ਦਾ ਸਨਮਾਨਜਨਕ ਸਾਧਨ ਬਣਾਉਣ ਲਈ ਚੇਤਨ ਕਿਸਾਨਾਂ ਅਤੇ ਕਿਸਾਨ ਹਿਤੈਸ਼ੀ ਸੰਸਥਾਵਾਂ ਦੁਆਰਾ ਕੀਤੇ ਜਾ ਰਹੇ ਕਾਮਯਾਬ ਤਜ਼ਰਬਿਆਂ ਅਤੇ ਵਿਕਸਤ ਕੀਤੀਆਂ ਜਾ ਰਹੀਆਂ ਕਿਸਾਨ ਅਤੇ ਕੁਦਰਤ ਪੱਖੀ ਖੇਤੀ ਤਕਨੀਕਾਂ ਨੂੰ ਆਪਜੀ ਨਾਲ ਨਿਰੰਤਰ ਸਾਂਝਾ ਕੀਤਾ ਜਾਵੇ।

ਇਹ ਵੀ ਧਿਆਨ ਰੱਖਿਆ ਜਾਵੇਗਾ ਕਿ ਗਿਆਨ, ਜਾਣਕਾਰੀ ਅਤੇ ਤਕਨੀਕਾਂ ਦਾ ਇਹ ਲਿਪੀਬੱਧ ਆਦਾਨ-ਪ੍ਰਦਾਨ ਹਰ ਪੱਖੋਂ ਸਟੀਕ ਅਤੇ ਭਰੋਸੇਮੰਦ ਹੋਵੇ।ਪੱਤ੍ਰਿਕਾ ਦੇ ਇਸ ਅੰਕ ਵਿੱਚ 'ਲੀਜ਼ਾ ਇੰਡੀਆ' ਦੇ ਮੂਲ ਅੰਗਰੇਜ਼ੀ ਸੰਸਕਰਨ 'ਚ ਦਸੰਬਰ 2014 ਤੋਂ ਜੂਨ 2015 ਦੌਰਾਨ ਪ੍ਰਕਾਸ਼ਿਤ ਕੁੱਝ ਚੋਣਵੇਂ ਪ੍ਰੇਰਣਾਦਾਈ ਲੇਖਾਂ ਦਾ ਪੰਜਾਬੀ ਉਲੱਥਾ ਇਸ ਆਸ ਨਾਲ ਆਪਜੀ ਦੀ ਨਜ਼ਰ ਕਰਨ ਜਾ ਰਹੇ ਹਾਂ ਸਬੰਧਤ ਜਾਣਕਾਰੀ ਆਪਜੀ ਲਈ ਲਾਹੇਵੰਦ ਸਿੱਧ ਹੋਵੇਗੀ।

ਲੀਜ਼ਾ ਇੰਡੀਆ ਟੀਮ
ਦਸੰਬਰ-2015

***ਲੀਜ਼ਾ*** ਘੱਟ ਬਾਹਰੀ ਆਗਤਾਂ ਅਤੇ ਟਿਕਾਊ ਖੇਤੀ ਦੀ ਸਿਰਮੌਰ ਪੱਤ੍ਰਿਕਾ ਹੈ। ਇਹ ਕੁਦਰਤ ਨਾਲ ਇੱਕਮਿੱਕਤਾ ਰਾਹੀਂ ਫਸਲਾਂ ਦਾ ਉਤਪਾਦਨ ਅਤੇ ਆਪਣੀ ਆਮਦਨ ਵਧਾਉਣ ਲਈ ਕਾਰਜਸ਼ੀਲ ਕਿਸਾਨਾਂ ਨੂੰ ਤਕਨੀਕੀ ਅਤੇ ਸਮੁਦਾਇਕ ਪਹਿਲਕਦਮੀਆਂ ਤੋਂ ਜਾਣੂ ਕਰਵਾਵਉਂਦੀ ਹੈ। ਲੀਜ਼ਾ ਕੁਦਰਤੀ ਸੋਮਿਆਂ ਅਤੇ ਕੁਦਰਤੀ ਪ੍ਰਕਿਰਿਆਵਾਂ ਦੇ ਸਰਵਉੱਤਮ ਇਸਤੇਮਾਲ ਬਾਰੇ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ ਉਹਨਾਂ ਇਸਤ੍ਰੀ, ਪੁਰਸ਼ ਕਿਸਾਨਾਂ ਅਤੇ ਸਮੁਦਾਇਆਂ ਦੇ ਸ਼ਸ਼ਕਤੀਕਰਨ ਲਈ ਕਾਰਜਸ਼ੀਲ ਹੈ ਜਿਹੜੇ ਕਿ ਆਪਣੇ ਗਿਆਨ, ਹੁਨਰ, ਆਪਣੀਆਂ ਕਦਰਾਂ-ਕੀਮਤਾਂ, ਸੱਭਿਆਚਾਰ ਅਤੇ ਅਦਾਰਿਆਂ ਦੇ ਆਧਾਰ 'ਤੇ ਆਪਣਾ ਭਵਿੱਖ ਬਣਾਉਣਾ ਚਾਹੁੰਦੇ ਹਨ। ਲੀਜ਼ਾ ਖੇਤੀ ਵਿੱਚ ਸੁਧਾਰ ਅਤੇ ਇਸਨੂੰ ਬਦਲਦੀਆਂ ਹਾਲਤਾਂ ਅਤੇ ਜ਼ਰੂਰਤਾਂ ਮੁਤਾਬਿਕ ਢਾਲਣ ਲਈ ਖੇਤੀ ਦੇ ਸਹਿਭਾਗੀ ਤਰੀਕੇ ਅਪਣਾ ਕੇ ਕਿਸਾਨਾਂ ਅਤੇ ਖੇਤੀ ਨਾਲ ਜੁੜੇ ਹੋਰਨਾ ਲੋਕਾਂ ਦੀ ਸਮਰਥਾ ਵਧਾਉਣ 'ਤੇ ਜ਼ੋਰ ਦਿੰਦੀ ਹੈ। ਲੀਜ਼ਾ ਰਵਾਇਤੀ ਗਿਆਨ ਅਤੇ ਵਿਗਿਆਨ ਨੂੰ ਆਪਸ ਵਿੱਚ ਜੋੜ ਕੇ ਨੀਤੀ ਨਿਰਮਾਣ ਕਾਰਜ ਨੂੰ ਪ੍ਰਭਾਵਿਤ ਕਰਦੇ ਹੋਏ ਅਗਲੇਰੇ ਵਿਕਾਸ ਲਈ ਅਨੁਕੂਲ ਵਾਤਾਵਰਣ ਤਿਆਰ ਕਰਨ ਦੀ ਇੱਛਾ ਰੱਖਦੀ ਹੈ। ਲੀਜ਼ਾ ਇੱਕ ਵਿਚਾਰ ਹੈ, ਇੱਕ ਪਹੁੰਚ ਹੈ ਇੱਕ ਰਾਜਨੀਤਕ ਸੁਨੇਹਾਂ ਹੈ।

**ਏ.ਐੱਮ.ਈ.ਫਾਊਂਡੇਸ਼ਨ** ਰਵਾਇਤੀ ਗਿਆਨ ਅਤੇ ਨਿਵੇਕਲੀਆਂ ਤਕਨੀਕਾਂ ਦੇ ਮਾਧਿਅਮ ਨਾਲ ਘੱਟ ਬਾਹਰੀ ਆਗਤ ਪ੍ਰਬੰਧਨ ਰਾਹੀਂ ਟਿਕਾਊ ਰੋਜ਼ਗਾਰ ਪੈਦਾ ਕਰਨ ਨੂੰ ਉਤਸ਼ਾਹਿਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਏ.ਐੱਮ.ਈ.ਫਾਊਂਡੇਸ਼ਨ ਦੱਖਣ ਦੇ ਅਰਧ ਖੁਸ਼ਕ ਖੇਤਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਨਾਲ ਮਿਲ ਕੇ ਖੇਤੀ ਦੇ ਬਦਲ ਤਿਆਰ ਕਰਨ, ਗਿਆਨ ਵਧਾਉਣ, ਸਿਖਲਾਈ, ਖੇਤੀ ਨੂੰ ਵਿਕਾਸ ਏਜ਼ੰਸੀਆਂ ਨਾਲ ਜੋੜਨ ਅਤੇ ਅਨੁਭਵ ਵੰਡਣ ਦਾ ਕੰਮ ਕਰ ਰਹੀ ਹੈ। ਏ. ਐੱਮ. ਈ. ਫਾਊਂਡੇਸ਼ਨ ਪਿੰਡਾਂ ਦੇ ਗੁੱਛਿਆਂ ਵਿੱਚ ਇੱਛਕ ਕਿਸਾਨ ਸਮੂਹਾਂ ਨਾਲ ਉਹਨਾਂ ਨੂੰ ਬਦਲਵੇਂ ਖੇਤੀ ਪੱਦਤੀ ਤਿਆਰ ਕਰਨ ਅਤੇ ਅਪਣਾਉਣ ਦੇ ਯੋਗ ਬਣਾਉਣ ਦਾ ਕਾਰਜ ਪੂਰੀ ਸ਼ਿੱਦਤ ਨਾਲ ਕਰ ਰਹੀ ਹੈ। ਇਹ ਸਥਾਨ ਸਬੰਧਤ ਕਿਸਾਨਾਂ ਅਤੇ ਉਹਨਾਂ ਨੂੰ ਉਤਸ਼ਾਹਿਤ ਕਰਨ ਵਾਲੇ ਅਦਾਰਿਆਂ ਲਈ ਉਹਨਾਂ ਦੀ ਦੇਖਣ-ਸਮਝਣ ਦੀ ਸਮਰਥਾ ਵਿੱਚ ਵਾਧਾ ਕਰਨ ਲਈ ਸਿੱਖਣ ਲਾਇਕ ਹਾਲਤਾਂ ਦੇ ਮੁਹੱਈਆ ਕਰਦੇ ਹਨ। ਇਸ ਵਿੱਚ ਗ਼ੈਰ ਸਰਕਾਰੀ ਸੰਗਠਨ ਅਤੇ ਗ਼ੈਰ ਸਰਕਾਰੀ ਸੰਗਠਨਾਂ ਦੇ ਨੈੱਟਵਰਕ ਵੀ ਸ਼ਾਮਿਲ ਹੈ। www.amefound.org

**ਖੇਤੀ ਵਿਰਾਸਤ ਮਿਸ਼ਨ** ਸਵੈਨਿਰਭਰ, ਸਵੈਮਾਣੀ, ਸਵਦੇਸ਼ੀ ਖੇਤੀ ਅਤੇ ਸਰਬਤ ਦੇ ਭਲੇ ਨੂੰ ਸਮਰਪਿਤ ਲੋਕ ਲਹਿਰ ਹੈ। ਆਪਣੇ ਜਨਮ ਵਰ੍ਹੇ ਮਾਰਚ, 2005 ਤੋਂ ਹੀਇਹ ਪੰਜਾਬ ਨੂੰ ਦੇਰਪੇਸ਼ ਖੇਤੀ ਸਿਹਤਾਂ ਅਤੇ ਵਾਤਾਵਰਣ ਦੇ ਅਤਿ ਗੰਭੀਰ ਸੰਕਟ ਖਿਲਾਫ਼ ਆਮ ਲੋਕਾਂ ਨੂੰ ਚੇਤਨ ਕਰਦੇ ਹੋਏ ਇਸ ਸੰਕਟ ਦੇ ਮੂਲ ਕਾਰਣ ਜ਼ਹਿਰੀਲੀ ਰਸਾਇਣਿਕ ਖੇਤੀ ਦੇ ਬਦਲ ਵਜੋਂ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸਥਾਪਨਾ ਲਈ ਯਤਨਸ਼ੀਲ ਹੈ। ਵਰਤਮਾਨ ਸਮੇਂ ਸੂਬੇ ਭਰ ਵਿੱਚ ਸੈਂਕੜੇ ਕਿਸਾਨ ਖੇਤੀ ਵਿਰਾਸਤ ਮਿਸ਼ਨ ਦੀ ਰਹਿਨੁਮਾਈ ਵਿੱਚ ਪੂਰੀ ਸਫਲਤਾ ਨਾਲ ਜ਼ਹਿਰ ਮੁਕਤ ਕੁਦਰਤੀ ਖੇਤੀ ਦੀ ਸੁਨਹਿਰੀ ਇਬਾਰਤ ਲਿਖ ਰਹੇ ਹਨ। (www.khetivirasatmission.org)

**ਮਾਇਜੇਰੀਅਰ** ਦੀ ਸਥਾਪਨਾਂ 1958 ਵਿੱਚ ਹੋਈ। ਇਹ ਜ਼ਰਮਨ ਕੈਥੋਲਿਕ ਬਿਸ਼ਪ ਦੀ ਵਿਕਾਸਤਮਕ ਸਹਿਯੋਗ ਨਾਮਕ ਸੰਸਥਾ ਹੈ। ਬੀਤੇ 50 ਤੋਂ ਵੀ ਜਿਆਦਾ ਸਾਲਾਂ ਤੋਂ ਮਾਇਜੇਰੀਅਰ ਅਫਰੀਕਾ, ਏਸ਼ੀਆ ਅਤੇ ਲੈਟਿਨ ਅਮਰੀਕਾ ਵਿੱਚ ਗਰੀਬੀ ਖਿਲਾਫ਼ ਲੜਨ ਲਈ ਵਚਨਬੱਧ ਹੈ। ਜਾਤੀ, ਧਰਮ ਅਤੇ ਲਿੰਗ ਭੇਦ ਤੋਂ ਉਪਰਾਮ ਮਾਇਜੇਰੀਅਰ ਕਿਸੇ ਵੀ ਮਨੁੱਖੀ ਜ਼ਰੂਰਤ ਦੀ ਪੂਰਤੀ ਹਿੱਤ ਸਹਿਯੋਗ ਲਈ ਤਤਪਰ ਹੈ। ਮਾਇਜੇਰੀਅਰ ਗਰੀਬਾਂ ਅਤੇ ਜ਼ਰੂਰਤਮੰਦਾ ਦੁਆਰਾ ਸ਼ੁਰੂ ਕੀਤੇ ਅਤੇ ਅਪਣਾਏ ਗਏ ਕਾਰਜਾਂ ਨੂੰ ਸਹਿਯੋਗ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਹ ਆਪਣੇ ਸਥਾਨਕ ਭਾਗੀਦਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਇਹ ਲਾਭਪਾਤਰੀਆਂ ਅਤੇ ਸਹਿਯੋਗੀ ਸੰਗਠਨਾਂ ਨੂੰ ਨਾਲ ਲੈ ਕੇ ਵਿਕਾਸ ਦੇ ਸਥਾਨਕ ਕਾਰਜਾਂ ਦੀ ਰੂਪਰੇਖਾ ਤੈਅ ਕਰਦਾ ਹੈ ਅਤੇ ਸਬੰਧਤ ਪ੍ਰੋਜੈਕਟ ਲਾਗੂ ਕਰਨ ਵਿੱਚ ਸਹਿਯੋਗ ਕਰਦਾ ਹੈ। ਇਹ ਹੀ ਕਾਰਨ ਹੈ ਕਿ ਮਾਇਜੇਰੀਅਰ ਆਪਣੇ ਸਹਿਭਾਗੀਆਂ ਨਾਲ ਮਿਲ ਕੇ ਨਿਰੰਤਰ ਬਦਲਦੀਆਂ ਚੁਣੌਤੀਆਂ ਪ੍ਰਤਿ ਤਿਆਰ-ਬਰ-ਤਿਆਰ ਖੜਾ ਹੈ। (**www.misereor.de;misereor.org**)

# ਇਸ ਅੰਕ ਵਿੱਚ





## ਨਵੇਂ ਸਿਰਿਓਂ ਲਿਖਣਾ ਤਕਦੀਰਾਂ ਨੂੰ

ਜ਼ਹੀਰਾਬਾਦ ਵਿੱਚ ਸਥਾਨਕ ਪਿੰਡਾਂ ਦੇ ਸਮੁਦਾਇ ਆਪਣੀਆਂ ਬੰਜਰ ਪਈਆਂ ਜ਼ਮੀਨਾਂ ਨੂੰ ਮੁੜ ਆਬਾਦ ਕਰਨ ਵਿੱਚ ਕਾਮਯਾਬ ਹੋਏ ਹਨ ਅਤੇ ਉਹਨਾਂ ਜ਼ਮੀਨ ਉੱਪਰ ਉਹ ਅਨਾਜਾਂ ਦੀਆਂ ਅਣਗਿਣਤ ਰਵਾਇਤੀ ਕਿਸਮਾਂ ਉਗਾ ਰਹੇ ਹਨ। ਉਹ ਨਾ ਸਿਰਫ ਉਸ ਭੋਜਨ ਪ੍ਰਣਾਲੀ ਜੋ ਕਿ ਹਜਾਰਾਂ ਸਾਲਾਂ ਵਿੱਚ ਕੁਦਰਤੀ ਰੂਪ ਵਿੱਚ ਵਿਕਸਿਤ ਹੋਈ ਹੈ, ਨੂੰ ਮੁੜ ਸਹੇਜਣ ਵਿੱਚ ਸਫਲ ਹੋਏ ਹਨ ਬਲਕਿ ਉਹਨਾਂ ਕੋਲ ਆਪਣੇ ਉਪਭੋਗ ਦੇ ਲਈ ਕਾਫੀ ਪੌਸ਼ਟਿਕ ਭੋਜਨ ਵੀ ਹੈ।

ਪੇਜ ਨੰ: 5



## ਸਿਹਤਮੰਦ ਮਿੱਟੀ ਲਈ ਬਾਇਓਚਾਰ

ਪੋਸ਼ਕ ਤੱਤਾਂ ਦੀ ਕਮੀ ਵਾਲੀ ਮਿੱਟੀ ਵਿੱਚ ਕਾਰਬਨ ਦੀ ਮਾਤਰਾ ਵਧਾਉਣ ਲਈ ਤਾਮਿਲਨਾਡੂ ਦੇ ਕਿਸਾਨਾਂ ਨੇ ਪਰੀਖਣ ਦੇ ਆਧਾਰ ਤੇ ਬਾਇਓਚਾਰ ਦਾ ਇਸਤੇਮਾਲ ਕਰਕੇ ਦੇਖਿਆ। ਉਹਨਾਂ ਨੇ ਪਾਇਆ ਕਿ ਮਿੱਟੀ ਵਿੱਚ ਬਾਇਓਚਾਰ ਪਾਉਣ ਨਾਲ, ਮਿੱਟੀ ਦੇ ਭੌਤਿਕ ਢਾਂਚੇ ਅਤੇ ਰਸਾਇਣਿਕ ਗੁਣਾਂ ਵਿੱਚ ਸੁਧਾਰ ਆਇਆ ਹੈ ਅਤੇ ਇਹ ਅਸਰ ਤਿੰਨ ਫਸਲ ਚੱਕਰਾਂ ਤੱਕ ਬਣਿਆ ਰਿਹਾ। ਇਸ ਪ੍ਰਕ੍ਰਿਆ ਵਿੱਚ, ਉਹਨਾਂ ਨੂੰ ਵਿਲਾਇਤੀ ਕਿੱਕਰ ਨੂੰ ਇਸਤੇਮਾਲ ਕਰਨ ਦਾ ਵੀ ਤਰੀਕਾ ਮਿਲ ਗਿਆ ਜੋ ਕਿ ਓਹਨਾਂ ਦੇ ਖੇਤਾਂ ਵਿੱਚ ਤੇਜ਼ੀ ਨਾਲ ਫੈਲ ਰਹੀ ਸੀ।

ਪੇਜ ਨੰ: 8



## ਵਿਦਰਭ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਹਾਲ ਕਰਨਾ

ਵਿਦਰਭ, ਜੋ ਕਿ ਜ਼ਿਆਦਾਤਰ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਲਈ ਜਾਣਿਆ ਜਾਂਦਾ ਹੈ, ਵਿੱਚ ਖੁਸ਼ਕਿਸਮਤੀ ਨਾਲ ਕੁੱਝ ਅਜਿਹੇ ਕਿਸਾਨ ਹਨ ਜਿੰਨਾਂ ਨੇ ਜੈਵਿਕ ਤਰੀਕਿਆਂ ਰਾਹੀ ਆਪਣੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਹਾਲ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਸੁਭਾਸ਼ ਸ਼ਰਮਾ ਜੀ ਅਜਿਹੇ ਹੀ ਇੱਕ ਕਿਸਾਨ ਹਨ।

ਪੇਜ ਨੰ: 12



## ਗ੍ਰਾਮੀਣ ਰਿਆਲਿਟੀ ਸ਼ੋਅ

ਖੇਤੀਬਾੜੀ ਵਿੱਚ ਚੰਗੀਆਂ ਤਕਨੀਕਾਂ ਨੂੰ ਵੱਡੇ ਪੱਧਰ 'ਤੇ ਫੈਲਾਉਣਾ ਹਮੇਸ਼ਾ ਹੀ ਇੱਕ ਚੁਣੌਤੀ ਰਹੀ ਹੈ। ਹਾਲਾਂਕਿ, ਭਾਰਤ ਦੇ ਬੁੰਦੇਲਖੰਡ ਖੇਤਰ ਦੇ ਇੱਕ ਛੋਟੇ ਜਿਹੇ ਪਿੰਡ ਰਾਜਾਵਰ ਦੇ ਲੋਕਾਂ ਨੇ ਸਮੁਦਾਇਕ ਰੇਡਿਓ ਦਾ ਉੱਤਮ ਪ੍ਰਯੋਗ ਕਰਕੇ ਵਿਕਾਸ ਦੀ ਦਿਸ਼ਾ ਵਿੱਚ ਸਮੂਹਿਕ ਪਰਿਵਰਤਨ ਦੀ ਇੱਕ ਪ੍ਰਕ੍ਰਿਆ ਦਾ ਪ੍ਰਦਰਸ਼ਨ ਕੀਤਾ ਹੈ। ਗ੍ਰਾਮੀਣ ਰਿਆਲਿਟੀ ਸ਼ੋਅ, ਸਮੁਦਾਇਕ ਰੇਡਿਓ ਉੱਪਰ ਇੱਕ ਵਿਲੱਖਣ ਸ਼ੋਅ, ਇੱਕ ਵਿਅਕਤੀ ਤੋਂ ਲੈ ਕੇ ਪੂਰੇ ਸਮੁਦਾਇ ਤੱਕ ਜ਼ਮੀਨ ਨੂੰ ਉਪਜਾਊ ਬਣਾਉਣ ਲਈ ਇੱਕ ਤਕਨੀਕ ਦੇ ਪ੍ਰਸਾਰ ਦਾ ਸਾਧਨ ਬਣ ਗਿਆ।

ਪੇਜ ਨੰ: 14



## ਖੇਤ ਤੋਂ ਥਾਲੀ ਤੱਕ

ਕਿਸਾਨਾਂ ਦੀ ਬਾਜ਼ਾਰ ਤੱਕ ਸਿੱਧੇ ਪਹੁੰਚ ਉਪਲਬਧ ਕਰਵਾਉਣਾ ਆਰਥਿਕ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਿਸਾਨ ਬਾਜ਼ਾਰ ਗ੍ਰਾਮੀਣ-ਸ਼ਹਿਰੀ ਸੰਬੰਧਾਂ ਦਾ ਅਭਿੰਨ ਅੰਗ ਹਨ ਅਤੇ ਖਪਤਕਾਰਾਂ ਦੇ ਸਿੱਧੇ ਖੇਤ ਤੋਂ ਤਾਜਾ ਉਤਪਾਦ ਲੈਣ ਦੀ ਵਧਦੀ ਦਿਲਚਸਪੀ ਕਰਕੇ ਇਹਨਾਂ ਦੀ ਪ੍ਰਸਿੱਧੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸਹਿਜਾ ਸਮਰਿਧਾ, ਕਿਸਾਨਾਂ ਅਤੇ ਖੇਤੀ ਮਾਹਿਰਾਂ ਦੀ ਅਗਵਾਈ ਵਾਲੀ ਇੱਕ ਸੰਸਥਾ ਆਪਣੀ ਇੱਕ ਪਹਿਲ ਦੁਆਰਾ ਕਿਸਾਨਾਂ ਅਤੇ ਖਪਤਕਾਰਾਂ ਦਰਮਿਆਨ ਪਾੜੇ ਨੂੰ ਘਟਾਉਣ ਦਾ ਕੰਮ ਕਰ ਰਹੀ ਹੈ।

ਪੇਜ ਨੰ: 16

## ਸੰਪਾਦਕੀ

# ਸੰਕਟ ਗ੍ਰਸਤ ਖੇਤੀ-ਕਿਸਾਨੀ ਨੂੰ ਦੇਈਏ ਸਹੀ ਦਿਸ਼ਾ

ਆਪਣੇ ਹੁਣ ਤੱਕ ਦੇ ਸਭ ਤੋਂ ਮੁਸ਼ਕਿਲ ਦੌਰ 'ਚੋਂ ਗੁਜ਼ਰ ਰਹੀ ਦੇਸ ਦੀ ਖੇਤੀ-ਕਿਸਾਨੀ ਅਤੇ ਕਿਸਾਨ ਭਾਈਚਾਰੇ ਦੀ ਹਾਲਤ ਬੇਹੱਦ ਨਾਜ਼ੁਕ ਹੈ। ਅੱਜ ਜਿੱਥੇ ਕਿਸਾਨ ਭਾਈਚਾਰਾ ਸਰਕਾਰ ਦੀ ਨੀਤੀਗਤ ਬੇਰੁਖੀ ਦਾ ਸ਼ਿਕਾਰ ਹੈ ਉੱਥੇ ਹੀ ਜ਼ਹਿਰੀਲੇ ਖੇਤੀ ਰਸਾਇਣਾ ਪ੍ਰਤਿ ਕੀਟਾਂ ਦੁਆਰਾ ਪ੍ਰਤਿਰੋਧੀ ਸ਼ਕਤੀ ਵਿਕਸਤ ਕਰ ਚੁੱਕੇ ਕੀਟਾਂ ਦੁਆਰਾ ਫ਼ਸਲਾਂ ਦੀ ਵੱਡ ਪੱਧਰੀ ਤਬਾਹੀ ਕਾਰਣ ਸਥਿਤੀ ਹੋਰ ਵੀ ਖ਼ਰਾਬ ਹੋ ਗਈ ਹੈ। ਇਸਦੇ ਨਾਲ ਹੀ ਲਗਾਤਾਰ ਵਧ ਰਹੀ ਆਲਮੀ ਤਪਸ਼ ਕਾਰਣ ਅਣਕਿਆਸੇ ਮੌਸਮੀ ਬਦਲਾਅ ਵੀ ਸਮੁੱਚੀ ਖੇਤੀ-ਕਿਸਾਨੀ ਉੱਤੇ ਬੇਹੱਦ ਮਾਰੂ ਅਸਰ ਪਾ ਰਹੇ ਹਨ।

ਅਜਿਹੇ ਵਿੱਚ ਸੰਕਟ ਗ੍ਰਸਤ ਕਿਸਾਨੀ ਅਤੇ ਕਿਸਾਨ ਭਾਈਚਾਰੇ ਦੀ ਬਿਹਤਰ ਜ਼ਿੰਦਗੀ ਲਈ ਅਨੁਕੂਲ ਹਾਲਤਾਂ ਦੇ ਨਾਲ-ਨਾਲ ਸਥਿਰ ਅਤੇ ਸਥਾਈ ਆਜੀਵਿਕਾ ਜੁਟਾਉਣਾ ਲਾਜ਼ਮੀ ਹੋ ਗਿਆ ਹੈ। ਦੇਸ ਦੇ ਅਨੇਕਾਂ ਖਿੱਤਿਆਂ ਵਿੱਚ ਅਨੇਕਾਂ ਹੀ ਜਾਗਰੂਕ ਕਿਸਾਨ ਅਤੇ ਕਿਸਾਨ ਹਿੱਤੈਸ਼ੀ ਸੰਸਥਾਵਾਂ ਇਸ ਮਕਸਦ ਦੀ ਪੂਰਤੀ ਲਈ ਅਣਥਕ ਯਤਨ ਕਰ ਰਹੀਆਂ ਹਨ। ਸਬੰਧਤ ਕਿਸਾਨਾਂ ਅਤੇ ਸੰਸਥਾਵਾਂ ਦੇ ਇਹਨਾਂ ਯਤਨਾਂ ਸਦਕਾ ਜਿੱਥੇ ਕਿਸਾਨਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਪਰਿਵਰਤਨ ਆਏ ਹਨ, ਉੱਥੇ ਹੀ ਖੇਤੀ ਖੁਦਮੁਖਤਾਰੀ ਅਤੇ ਖੁਸ਼ਹਾਲੀ ਦੀ ਨਵੀਂ ਤੇ ਪ੍ਰੇਰਣਾਦਾਇਕ ਇਬਾਰਤ ਵੀ ਲਿਖੀ ਜਾ ਰਹੀ ਹੈ।

ਲੀਜ਼ਾ ਇੰਡੀਆ ਪੰਜਾਬੀ ਦੇ ਇਸ ਅੰਕ ਰਾਹੀਂ ਅਸੀਂ ਆਪਜੀ ਨਾਲ ਖੇਤੀ ਅਤੇ ਕਿਸਾਨ ਦੇ ਜੀਵਨ ਨੂੰ ਨਵੀਂ ਤੇ ਬਿਹਤਰ ਦਿਸ਼ਾ ਦੇਣ ਵਾਲੇ ਅਜਿਹੇ ਹੀ ਕੁੱਝ ਸਫ਼ਲ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਾਂ।

ਸ੍ਰੀ ਸੰਦੀਪ ਕੇ ਰਚਿਤ ਪੱਤ੍ਰਿਕਾ ਦਾ ਪਹਿਲਾ ਲੇਖ, **'ਨਵੇਂ ਸਿਰਿਓਂ ਲਿਖਣਾ ਤਕਦੀਰਾਂ ਨੂੰ'** ਆਂਧਰਾ ਪ੍ਰਦੇਸ਼ ਦੇ ਮੇਦਕ ਜ਼ਿਲ੍ਹੇ ਜਹੀਰਾਬਾਦ ਨੇੜਲੇ ਸਥਾਨਕ ਕਿਸਾਨਾਂ ਦੁਆਰਾ ਬੰਜਰ ਜ਼ਮੀਨਾਂ ਨੂੰ ਮੁੜ ਆਬਾਦ ਕਰ ਆਪਣੀ ਭੋਜਨ ਸੁਰੱਖਿਆ ਅਤੇ ਟਿਕਾਊ ਆਜੀਵਿਕਾ ਹਾਸਿਲ ਕਰਨ ਦੀ ਸੁੰਦਰ ਕਹਾਣੀ ਕਹਿੰਦਾ ਹੈ। ਜੇ. ਇਲਾਂਗੋ ਅਤੇ ਵੀ.ਐੱਮ. ਕਰੁਨਾਗਾਰਨ ਦੀ ਰਚਨਾ ਪੱਤ੍ਰਿਕਾ ਦਾ ਦੂਜਾ ਲੇਖ, **'ਸਿਹਤਮੰਦ ਮਿੱਟੀ ਲਈ ਬਾਇਓਚਾਰ'** ਪੋਸ਼ਕ ਤੱਤਾਂ ਦੀ ਕਮੀ ਵਾਲੀ ਭੂਮੀ ਅੰਦਰ ਜੈਵਿਕ ਮਾਦਾ ਵਧਾਉਣ ਲਈ ਤਾਮਿਲਨਾਡੂ ਦੇ ਕਿਸਾਨਾਂ ਦੁਆਰਾ ਖੇਤਾਂ ਵਿੱਚ ਵੱਖ-ਵੱਖ ਫ਼ਸਲਾਂ 'ਤੇ ਕੀਤੇ ਗਏ ਬਾਇਓਚਾਰ ਦੇ ਪ੍ਰਯੋਗ ਦੀ ਸਾਰਥਿਕਤਾ ਉੱਤੇ ਚਾਨਣਾ ਪਾਉਂਦਾ ਹੈ। ਪ੍ਰੀਤੀ ਜੋਸ਼ੀ ਦੁਆਰ ਲਿਖਤ ਪੱਤ੍ਰਿਕਾ ਦਾ ਤੀਜਾ ਲੇਖ, **'ਵਿਦਰਭ ਦੀ ਭੂਮੀ ਵਿੱਚ ਉਪਜਾਊ ਸ਼ਕਤੀ ਬਹਾਲ ਕਰਨਾ'**ਦੇਸ ਦੇ ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਵਾਲੇ ਖਿੱਤਿਆਂ ਵਿੱਚ ਇੱਕ ਵਿਦਰਭ ਵਿਖੇ ਉੱਘੇ ਕੁਦਰਤੀ ਖੇਤੀ ਕਿਸਾਨ ਸ੍ਰੀ ਸੁਭਾਸ਼ ਸ਼ਰਮਾ ਦੁਆਰਾ ਭੂਮੀ ਦੀ ਉਪਜਾਊ ਸ਼ਕਤੀ ਵਧਾਉਣ ਵਿੱਚ ਪਾਈ ਗਈ ਕਾਮਯਾਬੀ ਨੂੰ ਸਭ ਨਾਲ ਸਾਂਝੀ ਕਰਦਾ ਹੈ। ਇਵੇਂ ਹੀ ਸ਼ਵੇਤਾ ਪਰਜਾਪਤੀ ਦੁਆਰਾ ਲਿਖਿਆ ਗਿਆ ਪੱਤ੍ਰਿਕਾ ਦਾ ਚੌਥਾ ਲੇਖ, **'ਗ੍ਰਾਮੀਣ ਰੀਅਲਿਟੀ ਸ਼ੋਅ'**ਬੁੰਦੇਲਖੰਡ ਦੇ ਇੱਕ ਛੋਟੇ ਜਿਹੇ ਪਿੰਡ ਰਾਜਾਵਰ ਦੇ ਲੋਕਾਂ ਦੁਆਰਾ ਕਮਿਊਨਿਟੀ ਰੇਡੀਓ ਦੇ ਮਾਧਿਅਮ ਨਾਲ ਨਵੀਆਂ ਅਤੇ ਕਿਸਾਨ-ਪੱਖੀ ਖੇਤੀ ਤਕਨੀਕਾਂ ਦੇ ਸਫ਼ਲ ਪ੍ਰਸਾਰ ਦੀ ਅਸਲੋਂ ਹੀ ਨਿਵੇਕਲੀ ਕਹਾਣੀ ਕਹਿੰਦਾ ਹੈ। ਜੀ. ਕ੍ਰਿਸ਼ਨਾ ਪ੍ਰਸ਼ਾਦ ਅਤੇ ਬੀ. ਸੋਮੇਸ਼ ਰਚਿਤ ਪੱਤ੍ਰਿਕਾ ਦਾ ਪੰਜਵਾਂ ਤੇ ਆਖਰੀ ਲੇਖ, **'ਖੇਤ ਤੋਂ ਥਾਲੀ ਤੱਕ'** ਕਰਨਾਟਕਾ ਵਿਖੇ ਕਿਸਾਨਾਂ ਅਤੇ ਖੇਤੀ ਮਾਹਿਰਾਂ ਦੀ ਅਗਵਾਈ ਵਾਲੀ ਸੰਸਥਾ ਸਹਿਜਾ-ਸਮਰਿੱਧਾ ਦੁਆਰਾ ਕਿਸਾਨਾਂ ਦੇ ਕੁਦਰਤੀ ਖੇਤੀ ਉਤਪਾਦਾਂ ਦੇ ਸ਼ਹਿਰੀਆਂ ਵਿੱਚ ਸਿੱਧੇ ਮੰਡੀਕਰਨ ਦੀ ਦਿਲ ਟੁੰਬਵੀਂ ਬਾਤ ਪਾਉਂਦਾ ਹੈ।

ਆਸ ਕਰਦੇ ਹਾਂ ਕਿ ਲੀਜ਼ਾ ਇੰਡੀਆ ਦਾ ਹਥਲਾ ਪੰਜਾਬੀ ਅੰਕ ਇਸ ਵਾਰ ਵੀ ਪਾਠਕਾਂ ਦੀ ਕਸੌਟੀ 'ਤੇ ਖ਼ਰਾ ਉੱਤਰੇਗਾ।

# ਨਵੇਂ ਸਿਰਿਓਂ ਲਿਖਣਾ ਤਕਦੀਰਾਂ ਨੂੰ

ਸੰਦੀਪ ਕੇ.



**ਪਰਮਾਂਗਰੀ ਨਰਸੰਮਾ ਆਪਣੇ ਮੂਲ ਅਨਾਜਾਂ ਦੇ ਖੇਤ ਵਿੱਚ**

ਜ਼ਹੀਰਾਬਾਦ ਵਿੱਚ ਸਥਾਨਕ ਪਿੰਡਾਂ ਦੇ ਸਮੁਦਾਇ ਆਪਣੀਆਂ ਬੰਜਰ ਪਈਆਂ ਜ਼ਮੀਨਾਂ ਨੂੰ ਮੁੜ ਆਬਾਦ ਕਰਨ ਵਿੱਚ ਕਾਮਯਾਬ ਹੋਏ ਹਨ ਅਤੇ ਉਹਨਾਂ ਜ਼ਮੀਨਾਂ ਉੱਪਰ ਉਹ ਅਨਾਜਾਂ ਦੀਆਂ ਅਣਗਿਣਤ ਰਵਾਇਤੀ ਕਿਸਮਾਂ ਉਗਾ ਰਹੇ ਹਨ। ਉਹ ਨਾ ਸਿਰਫ ਉਸ ਭੋਜਨ ਪ੍ਰਣਾਲੀ ਜੋ ਕਿ ਹਜਾਰਾਂ ਸਾਲਾਂ ਦੌਰਾਨ ਕੁਦਰਤੀ ਰੂਪ ਵਿੱਚ ਵਿਕਸਿਤ ਹੋਈ ਹੈ, ਨੂੰ ਮੁੜ ਸਹੇਜਣ ਵਿੱਚ ਸਫਲ ਹੋਏ ਹਨ ਬਲਕਿ ਉਹਨਾਂ ਕੋਲ ਆਪਣੇ ਉਪਭੋਗ ਦੇ ਲਈ ਕਾਫੀ ਪੌਸ਼ਟਿਕ ਭੋਜਨ ਵੀ ਹੈ।

ਆਂਧਰ ਪ੍ਰਦੇਸ਼ ਦੇ ਜਿਲ੍ਹਾ ਮੇਦਕ ਵਿੱਚ ਜ਼ਹੀਰਾਬਾਦ ਇੱਕ ਅਜਿਹਾ ਖੇਤਰ ਹੈ ਜਿੱਥੇ ਪ੍ਰੰਪਰਿਕ ਰੂਪ ਵਿੱਚ ਮੂਲ ਅਨਾਜਾਂ ਦੀਆਂ ਕਈ ਕਿਸਮਾਂ ਜਿਨ੍ਹਾਂ ਵਿੱਚ ਜਵਾਰ, ਬਾਜਰਾ, ਕੰਗਨੀ, ਕੁਟਕੀ ਸਮੇਤ ਕਈ ਹੋਰ ਕਿਸਮਾਂ ਭੋਜਨ ਦੇ ਤੌਰ 'ਤੇ ਖਾਧੀਆਂ ਜਾਂਦੀਆਂ ਹਨ। ਹਾਲਾਂਕਿ, ਸਾਰਵਜਨਿਕ ਵਿਤਰਣ ਪ੍ਰਣਾਲੀ ਤਹਿਤ ਮਿਲਣ ਵਾਲੇ ਸਸਤੇ ਚੌਲ ਮਿਲਣ ਦੀ ਸ਼ੁਰੂਆਤ ਕਰਕੇ ਕਈ ਲੋਕ ਆਪਣੇ ਪ੍ਰੰਪਰਿਕ ਅਨਾਜਾਂ ਤੋਂ ਦੂਰ ਹੋ ਗਏ, ਕਿਉਂਕਿ ਚੌਲ ਪਕਾਉਣ ਵਿੱਚ ਆਸਾਨ ਸਨ, ਅਤੇ ਇਸ ਵਿੱਚ ਜ਼ਿਆਦਾ ਪ੍ਰੇਸ਼ਾਨੀ ਨਹੀਂ ਸੀ। ਕਈ ਔਰਤਾਂ ਨੇ ਇਸ ਨੂੰ ਆਪਣੇ ਲਈ ਇੱਕ ਬਹੁਤ ਵੱਡੀ ਅਸੀਸ ਮੰਨਿਆ। ਹਾਲਾਂਕਿ, ਇਹ ਤਾਂ ਬਹੁਤ ਬਾਅਦ ਵਿੱਚ ਸਪੱਸ਼ਟ ਹੋਇਆ ਕਿ ਭੋਜਨ ਵਿੱਚ ਇਸ ਬਦਲਾਅ ਦੇ ਕੀ ਕੀ ਅਸਰ ਆਏ।

ਇਹਨਾਂ ਸਮੁਦਾਇਆਂ ਨੇ ਆਪਣੇ ਪੋਸ਼ਣ ਵਿੱਚ ਆਈ ਗਿਰਾਵਟ ਨੂੰ ਦਰਜ ਕਰਨਾ ਸ਼ੁਰੂ ਕੀਤਾ। ਚੌਲਾਂ ਤੋਂ ਕਾਫੀ ਵੱਡੀ ਮਾਤਰਾ ਵਿੱਚ ਕਾਰਬੋਹਾਈਡ੍ਰੇਟ ਤਾਂ ਮਿਲਦੇ ਸਨ ਪਰ ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤ ਜਿਵੇਂ ਲੋਹਾ, ਕੈਲਸ਼ੀਅਮ, ਖਣਿਜ, ਰੇਸ਼ੇ ਆਦਿ ਬਹੁਤ ਹੀ ਘੱਟ ਮਾਤਰਾ ਵਿੱਚ ਮਿਲ ਰਿਹਾ ਸੀ। ਪ੍ਰੰਤੂ ਕਿਸਾਨਾਂ ਦੇ ਸਖ਼ਤ ਮਿਹਨਤ ਕਰਨ ਵਾਲੇ ਸ਼ਰੀਰ ਵੱਡੀ ਮਾਤਰਾ ਵਿੱਚ ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤਾਂ ਦੀ ਮੰਗ ਕਰਦੇ ਸਨ ਜੋ ਕਿ ਉਹਨਾਂ ਦੇ ਪ੍ਰੰਪਰਿਕ ਮੂਲ ਅਨਾਜ ਅਤੇ ਹੋਰ ਅਨਾਜ ਦੇਣ ਵਿੱਚ ਸਮਰੱਥ ਸਨ।

ਕਿਉਂਕਿ ਸਾਰਵਜਨਿਕ ਵਿਤਰਣ ਪ੍ਰਣਾਲੀ ਰਾਹੀ ਚੌਲ ਆਸਾਨੀ ਨਾਲ ਅਤੇ ਘੱਟ ਕੀਮਤ (ਇੱਕ ਦਿਨ ਦੀ ਮਜਦੂਰੀ ਨਾਲ ਹੁਣ ਤਿੰਨ ਮਹੀਨੇ ਦਾ ਰਾਸ਼ਨ ਖਰੀਦਿਆ ਜਾ ਸਕਦਾ ਸੀ!) ਤੇ ਉਪਲਬਧ ਸੀ, ਬਹੁਤ ਸਾਰੇ ਕਿਸਾਨਾਂ ਨੇ ਆਪਣੀ ਜ਼ਮੀਨ ਨੂੰ ਖਾਲੀ ਛੱਡਣਾ ਸ਼ੁਰੂ ਕਰ ਦਿੱਤਾ ਕਿਉਂਕਿ ਉਹਨਾਂ ਤੋਂ ਉਤਪਾਦਨ ਲੈਣ ਲਈ ਸਖ਼ਤ ਮਿਹਨਤ ਕਰਨੀ ਪੈਣੀ ਸੀ। ਹੌਲੀ-ਹੌਲੀ, ਪ੍ਰੰਪਰਿਕ ਕਿਸਮਾਂ, ਜਿੰਨਾਂ ਨੇ ਇਹਨਾਂ ਸਮੁਦਾਇਆਂ ਨੂੰ ਕਈ ਪੀੜ੍ਹੀਆਂ ਤੱਕ ਕਾਇਮ ਰੱਖਿਆ ਸੀ, ਵਿੱਚ ਗਿਰਾਵਟ ਆਉਣੀ ਸ਼ੁਰੂ ਹੋ ਗਈ। ਇਹਨਾਂ ਸਮੁਦਾਇਆਂ ਵਿੱਚੋਂ ਮੂਲ ਅਨਾਜਾਂ ਦਾ ਪੂਰੀ ਤਰ੍ਹਾਂ ਖਤਮ ਹੋਣਾ ਇੱਕ ਨਿਰਵਿਵਾਦਿਤ ਤੱਥ ਵਾਂਗ ਲੱਗ ਰਿਹਾ ਸੀ; ਪਰ ਔਰਤਾਂ, ਜਿੰਨਾਂ ਨੇ ਭੋਜਨ ਅਤੇ ਖੇਤੀ ਨੂੰ ਵਿਆਪਕ ਦ੍ਰਿਸ਼ਟੀਕੋਣ ਤੋਂ ਦੇਖਿਆ, ਨੇ ਇਸ ਸਥਿਤੀ ਨਾਲ ਲੜਨ ਦਾ ਫੈਸਲਾ ਕੀਤਾ।

### ਪਹਿਲਾ ਕਦਮ

ਪਹਿਲਾ ਕਦਮ ਜੋ ਇਹਨਾਂ ਔਰਤਾਂ ਨੇ ਇਸ ਲੜਾਈ ਵਿੱਚ ਚੁੱਕਿਆ, ਉਹ ਸੀ ਬੰਜਰ ਪਈ ਜ਼ਮੀਨ ਉੱਪਰ ਮੁੜ ਖੇਤੀ ਕਰਨਾ। ਇਹਨਾਂ ਜ਼ਮੀਨਾਂ ਵਿੱਚ ਮੁੜ ਜੀਵਨ ਭਰ ਕੇ ਅਤੇ ਵਿਭਿੰਨ ਤਰ੍ਹਾਂ ਦੀਆਂ ਕਿਸਮਾਂ ਬੀਜ

ਕੇ, ਉਹਨਾਂ ਨੇ ਆਪਣੀ ਖੇਤੀ ਉੱਪਰ ਖੁਦਮੁਖ਼ਤਿਆਰੀ ਨੂੰ ਮੁੜ ਸਥਾਪਿਤ ਕੀਤਾ। ਔਰਤਾਂ ਨੇ ਦੱਖਣ ਡਿਵਲਪਮੈਂਟ ਸੁਸਾਇਟੀ ਅਤੇ ਗ੍ਰਾਮੀਣ ਵਿਕਾਸ ਮੰਤਰਾਲੇ ਨਾਲ ਸੰਪਰਕ ਕੀਤਾ ਜਿੰਨਾਂ ਨੇ ਉਹਨਾਂ ਦੀ ਪਹਿਲ ਵਿੱਚ ਯੋਗਤਾ ਨੂੰ ਦੇਖਿਆ ਅਤੇ ਸਮੁਦਾਇਕ ਅਨਾਜ ਬੈਂਕ ਦੇ ਗਠਨ ਲਈ ਸਹਿਯੋਗ ਦੇਣ ਲਈ ਤਿਆਰ ਹੋ ਗਏ। ਔਰਤਾਂ ਨੂੰ ਪ੍ਰਤਿ ਏਕੜ 2600 ਰੁਪਏ ਦੀ ਸਹਿਯੋਗ ਰਾਸ਼ੀ ਦਿੱਤੀ ਗਈ ਅਤੇ ਇਸ ਪਹਿਲ ਨੂੰ 30 ਪਿੰਡਾਂ ਵਿੱਚ ਸ਼ੁਰੂ ਕੀਤਾ ਗਿਆ ਅਤੇ ਹਰ ਪਿੰਡ ਵਿੱਚ ਬੰਜਰ ਪਈ ਜ਼ਮੀਨ ਵਿੱਚੋਂ 100 ਏਕੜ ਜ਼ਮੀਨ ਨੂੰ ਖੇਤੀ ਅਧੀਨ ਲਿਆਂਦਾ ਗਿਆ।ਜ਼ਿਆਦਾਤਰ ਜ਼ਮੀਨਾਂ ਦੇ ਮਾਲਕ ਛੋਟੇ ਅਤੇ ਸੀਮਾਂਤ ਕਿਸਾਨ ਸਨ। ਇਹ ਪਹਿਲ ਕਿਸਾਨਾਂ ਦੇ ਨਾਲ ਸਾਂਝੇਦਾਰੀ ਵਿੱਚ ਕੀਤੀ ਗਈ। ਇਸਦਾ ਮਤਲਬ ਸੀ ਕਿ ਕਿਸਾਨ-ਖ਼ਾਸ ਕਰਕੇ ਮਹਿਲਾ ਕਿਸਾਨ-ਇਸ ਪਹਿਲ ਦੀ ਯੋਜਨਾ ਅਤੇ ਲਾਗੂ ਕਰਨ ਦੇ ਹਰ ਚਰਣ ਵਿੱਚ ਸ਼ਾਮਿਲ ਸਨ।

30 ਪਿੰਡਾਂ ਵਿੱਚੋਂ ਹਰੇਕ ਵਿੱਚ, ਕਿਸਾਨਾਂ ਦੇ ਨਾਲ ਅੱਗੇ ਲਈ ਵਧੀਆ ਤੋਂ ਵਧੀਆ ਰਣਨੀਤੀ ਬਣਾਉਣ ਲਈ ਵਿਆਪਕ ਵਿਚਾਰ-ਵਟਾਂਦਰਾ ਹੋਇਆ। ਇਸਦੇ ਨਾਲ ਹੀ ਭਾਗੀਦਾਰੀ ਪ੍ਰਕਿਰਿਆ ਰਾਹੀ ਔਰਤਾਂ ਨੇ ਬੰਜਰ ਪਈ ਜ਼ਮੀਨ ਦੀ ਪਛਾਣ ਕੀਤੀ, ਇਹਨਾਂ ਜ਼ਮੀਨਾਂ ਦੀ ਮਿੱਟੀ ਦੀ ਮੈਪਿੰਗ ਅਤੇ ਹੋਰ ਸੰਬੰਧਿਤ ਵੇਰਵੇ ਇਕੱਠੇ ਕੀਤੇ ਗਏ। ਇਹ ਸਭ ਪ੍ਰਕਿਰਿਆਵਾਂ ਕਰਨ ਤੋਂ ਬਾਅਦ, ਸਮੁਦਾਇਆਂ ਦੇ ਸਾਹਮਣੇ

ਸਮੁਦਾਇਆਂ ਨੇ ਇਹ ਵੀ ਤੈਅ ਕੀਤਾ ਕਿ ਉਹ ਆਪਣੀਆਂ ਜ਼ਮੀਨਾਂ ਵਿੱਚ ਰੂੜੀ ਦੀ ਖਾਦ ਪਾਉਣਗੇ ਤਾਂਕਿ ਓਹਨਾਂ ਦੀਆਂ ਜ਼ਮੀਨਾਂ ਆਉਣ ਵਾਲੇ ਸਾਲਾਂ ਵਿੱਚ ਵੀ ਉਪਜਾਊ ਬਣੀਆਂ ਰਹਿਣ; ਨਾਂ ਕਿ ਰਸਾਇਣਿਕ ਖਾਦਾਂ ਜੋ ਕਿ ਸਿਰਫ ਇੱਕ ਸਾਲ ਤੱਕ ਹੀ ਜ਼ਮੀਨ ਨੂੰ ਤਾਕਤ ਦਿੰਦੀਆਂ ਹਨ ਅਤੇ ਫਿਰ ਲੰਬੇ ਸਮੇਂ ਵਿੱਚ ਮਿੱਟੀ ਨੂੰ ਬਿਲਕੁਲ ਖਤਮ ਕਰ ਦਿੰਦੀਆਂ ਹਨ।

ਵਿਕੇਂਦਰੀਕ੍ਰਿਤ ਸਾਰਵਜਨਿਕ ਵਿਤਰਣ ਪ੍ਰਣਾਲੀ ਦਾ ਵਿਚਾਰ ਰੱਖਿਆ ਗਿਆ; ਇਹ ਤੁਰੰਤ ਹੀ ਸਪੱਸ਼ਟ ਹੋ ਗਿਆ ਕਿ ਇਸ ਵਿਚਾਰ ਨੇ ਓਹਨਾਂ ਦੇ ਮਨਾਂ ਵਿੱਚ ਆਸ਼ਾ ਦੀ ਕਿਰਣ ਜਗਾ ਦਿੱਤੀ ਹੈ। ਇਸ ਪੀ ਡੀ ਐਸ ਵਿਵਸਥਾ ਵਿੱਚ ਕਿਸਾਨਾਂ ਦੀ ਪੂਰੀ ਭਾਗੀਦਾਰੀ ਸੀ ਅਤੇ ਉਹਨਾਂ ਦੀ ਅਗਵਾਈ ਵਿੱਚ ਪੂਰੀ ਪਾਰਦਰਸ਼ਿਤਾ ਨਾਲ ਚਲਾਇਆ ਜਾਣਾ ਸੀ।ਇਹ ਵੀ ਫੈਸਲਾ ਲਿਆ ਗਿਆ ਕਿ ਡੀ ਡੀ ਐਸ ਸੰਘਮ ਜ਼ਮੀਨਾਂ ਦੀ ਵਾਹਾਈ, ਗੁਡਾਈ, ਖਾਦ ਆਦਿ ਪਾਉਣ ਅਤੇ ਜ਼ਮੀਨਾਂ ਉੱਪਰ ਮੁੜ ਦਾਅਵੇ ਨਾਲ ਸੰਬੰਧਿਤ ਹੋਰ ਗਤੀਵਿਧੀਆਂ ਲਈ ਐਡਵਾਂਸ ਪੈਸਾ ਦੇਣਗੇ। ਭਾਗੀਦਾਰੀ ਪ੍ਰਕਿਰਿਆਵਾਂ ਦੌਰਾਨ, ਸਮੁਦਾਇਆਂ ਨੇ ਇਹ ਵੀ ਤੈਅ ਕੀਤਾ ਕਿ ਉਹ ਆਪਣੀਆਂ ਜ਼ਮੀਨਾਂ ਵਿੱਚ ਰੂੜੀ ਦੀ ਖਾਦ ਪਾਉਣਗੇ ਤਾਂਕਿ ਓਹਨਾਂ ਦੀਆਂ ਜ਼ਮੀਨਾਂ ਆਉਣ ਵਾਲੇ ਸਾਲਾਂ ਵਿੱਚ ਵੀ ਉਪਜਾਊ ਬਣੀਆਂ ਰਹਿਣ; ਨਾਂ ਕਿ ਰਸਾਇਣਿਕ ਖਾਦਾਂ ਜੋ ਕਿ ਸਿਰਫ ਇੱਕ ਸਾਲ ਤੱਕ ਹੀ ਜ਼ਮੀਨ ਨੂੰ ਤਾਕਤ ਦਿੰਦੀਆਂ ਹਨ ਅਤੇ ਫਿਰ ਲੰਬੇ ਸਮੇਂ ਵਿੱਚ ਮਿੱਟੀ ਨੂੰ ਬਿਲਕੁਲ ਖਤਮ ਕਰ ਦਿੰਦੀਆਂ ਹਨ।

ਇਸੇ ਤਰ੍ਹਾ, ਸਮੁਦਾਇਆਂ ਨੇ ਕਈ ਹੋਰ ਚੁਣੌਤੀਆਂ ਦੀ ਪਛਾਣ ਕੀਤੀ ਜੋ ਕਿ ਉਹਨਾਂ ਨੂੰ ਬੰਜਰ ਪਈਆਂ ਜ਼ਮੀਨਾਂ ਨੂੰ ਮੁੜ ਪ੍ਰਾਪਤ ਕਰਨ ਵੇਲੇ ਆਉਣ ਵਾਲੀਆਂ ਸਨ। ਇਸ ਲਈ ਇਹਨਾਂ ਚੁਣੌਤੀਆਂ ਨੂੰ ਜਿੱਤਣ ਲਈ ਹੱਲ ਅਤੇ ਸਾਧਨ, ਦੋਵਾਂ ਦੀ ਲੋੜ ਸੀ।ਇੱਕ ਏਕੜ ਜ਼ਮੀਨ ਨੂੰ ਮੁੜ ਪ੍ਰਾਪਤ ਕਰਨ ਉੱਪਰ ਆਉਣ ਵਾਲੇ ਖਰਚ (1994 ਵਿੱਚ, ਜਦ ਇਹ ਪਹਿਲ ਸ਼ੁਰੂ ਕੀਤੀ ਗਈ ਸੀ) ਦਾ ਅਨੁਮਾਨ ਲਗਾਇਆ ਗਿਆ ਜੋ ਕਿ 2700 ਰੁਪਏ ਸੀ। ਇਹਨਾਂ ਸਭ ਵਿਚਾਰ-ਵਟਾਂਦਰੇ ਤੋਂ ਬਾਅਦ ਸੰਘਮ ਨੇ ਕਿਸਾਨਾਂ ਦੀ ਪਹਿਚਾਣ ਕਰਕੇ ਉਹਨਾਂ ਨੂੰ ਇਹ ਰਕਮ ਕਰਜ਼ ਦੇ ਤੌਰ ਤੇ ਦਿੱਤੀ।

ਅੱਗੇ ਇਹ ਤੈਅ ਕੀਤਾ ਗਿਆ ਕਿ ਇਹ ਕਰਜ਼ ਨਕਦੀ ਦੇ ਰੂਪ ਵਿੱਚ ਮੋੜਨ ਦੀ ਬਜਾਏ, ਅਨਾਜ ਦੇ ਰੂਪ ਵਿੱਚ ਵਾਪਸ ਕੀਤਾ ਜਾਵੇ।ਕਿਉਂਕਿ ਪਹਿਲੇ ਸਾਲ ਵਿੱਚ ਜ਼ਿਆਦਾ ਝਾੜ ਪ੍ਰਾਪਤ ਕਰਨਾ ਮੁਸ਼ਕਿਲ ਸੀ ਇਸ ਲਈ ਇਹ ਤੈਅ ਕੀਤਾ ਗਿਆ ਕਿ ਇਹ ਅਦਾਇਗੀ ਵਧੀਕ ਤਰੀਕੇ ਨਾਲ ਕੀਤੀ ਜਾਵੇਗੀ।ਉਦਾਹਰਣ ਦੇ ਲਈ, ਪਹਿਲੇ ਸਾਲ, ਕਿਸਾਨ 100 ਕਿਲੋ ਜਵਾਰ ਦੇਵੇਗਾ, ਜਦਕਿ ਦੂਸਰੇ ਸਾਲ 200 ਕਿਲੋ ਅਤੇ ਇਸੇ ਤਰ੍ਹਾਂ ਹਰ ਸਾਲ ਹੋਵੇਗਾ। ਇਹਨਾਂ ਸਭ ਪ੍ਰਬੰਧਾਂ ਨੂੰ ਸਭ ਕਿਸਾਨਾਂ ਦੀ ਪੂਰੀ ਮਨਜੂਰੀ ਸੀ ਅਤੇ ਇਹਨਾਂ ਨੂੰ ਡਰਾਫਟ ਵਿੱਚ ਸ਼ਾਮਿਲ ਕੀਤਾ ਗਿਆ ਜੋ ਕਿ ਆਪਸੀ ਵਿਚਾਰ-ਵਟਾਂਦਰੇ ਅਤੇ ਸਹਿਮਤੀ ਤੋਂ ਬਾਅਦ ਤਿਆਰ ਕੀਤਾ ਗਿਆ ਸੀ।

ਹਰ ਪਿੰਡ ਵਿੱਚ ਔਰਤਾਂ ਦੀਆਂ ਕਮੇਟੀਆਂ ਬਣਾਈਆਂ ਗਈਆਂ ਅਤੇ ਓਹਨਾਂ ਨੂੰ ਇਸ ਪਹਿਲ ਦੇ ਨਿਰੀਖਣ ਦੀ ਜਿੰਮੇਦਾਰੀ ਦਿੱਤੀ ਗਈ। ਹਰ ਔਰਤ ਨੂੰ ਨਿੰਜੀ ਤੌਰ ਤੇ 20 ਏਕੜ ਜ਼ਮੀਨ ਦੀ ਨਿਗਰਾਨੀ ਕਰਨ ਦੀ ਜਿੰਮੇਦਾਰੀ ਦਿੱਤੀ ਗਈ।ਪਹਿਲੇ ਸੀਜ਼ਨ ਵਿੱਚ, 2500 ਏਕੜ ਤੋਂ ਵੱਧ ਬੰਜਰ ਜ਼ਮੀਨ ਨੂੰ ਖੇਤੀ ਅਧੀਨ ਲਿਆਂਦਾ ਗਿਆ ਅਤੇ 8 ਹਜਾਰ ਕੁਇੰਟਲ ਜਵਾਰ ਦਾ ਉਤਪਾਦਨ ਕੀਤਾ ਗਿਆ। ਇਸਨੂੰ ਭਾਗ ਲੈਣ ਵਾਲੇ ਪਿੰਡਾਂ ਵਿੱਚ 3 ਮਿਲੀਅਨ ਵਾਧੂ ਭੋਜਨ ਜਾਂ ਭਾਗ ਲਣ ਵਾਲੇ ਹਰ ਘਰ ਲਈ 1000 ਵਾਧੂ ਭੋਜਨ ਦੇ ਰੂਪ ਵਿੱਚ ਵੀ ਦੇਖਿਆ ਜਾ ਸਕਦਾ ਹੈ।

ਇਸ ਤੋਂ ਪੈਦਾ ਚਾਰਾ ਇਹਨਾਂ 30 ਪਿੰਡਾਂ ਦੇ 6000 ਹੋਰ ਮਵੇਸ਼ੀਆਂ ਨੂੰ ਪਾਲ ਸਕਦਾ ਸੀ। ਪਹਿਲੇ ਸੀਜ਼ਨ ਦੇ ਦੌਰਾਨ, ਕਰਜ਼ ਵਾਪਸੀ ਦੇ ਰੂਪ ਵਿੱਚ ਹਰ ਪਿੰਡ ਵਿੱਚੋਂ ਇਕੱਠਾ ਕੀਤਾ ਗਿਆ ਅਨਾਜ 10,000-15,100 ਕਿਲੋ ਸੀ ਜੋ ਕਿ ਉਹਨਾਂ ਵਿੱਚੋ ਹਰੇਕ 100 ਪਰਿਵਾਰਾਂ ਦੇ ਖਾਣੇ ਲਈ ਕਾਫ਼ੀ ਸੀ। ਇਸ ਤੋਂ ਬਾਅਦ ਹਰ ਪਿੰਡ ਵਿੱਚ 100 ਗਰੀਬ ਘਰਾਂ ਦੀ ਪਛਾਣ ਕੀਤੀ ਗਈ।

### ਪੌਸ਼ਟਿਕ ਭੋਜਨ ਤੱਕ ਆਸਾਨ ਪਹੁੰਚ ਨਾ ਹੋਣਾ

ਇੱਕ ਬੇਮਿਸਾਲ ਕਦਮ ਤਹਿਤ, ਦਲਿਤ ਔਰਤਾਂ ਅਤੇ ਉਹ ਜੋ ਪਿੰਡ ਵਿੱਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਿਛੜੇ ਹੋਏ ਸਨ, ਨੂੰ ਆਪਣੇ ਵਿੱਚੋਂ ਸਭ ਤੋਂ ਗਰੀਬ ਅਤੇ ਸਭ ਤੋਂ ਜਰੂਰਤਮੰਦ ਦੀ ਪਹਿਚਾਣ ਕਰਨ ਲਈ ਕਿਹਾ ਗਿਆ ਤਾਂਕਿ ਓਹਨਾਂ ਨੂੰ ਅਨਾਜ ਦੇ ਰੂਪ ਵਿੱਚ ਸਹਾਇਤਾ ਦਿੱਤੀ ਜਾ ਸਕੇ।ਇਹਨਾਂ ਔਰਤਾਂ ਦੁਆਰਾ ਆਪਣੇ ਪਿੰਡਾਂ ਵਿੱਚ ਗਰੀਬ ਦੀ ਪਛਾਣ ਕਰਨ ਲਈ ਅਤੇ ਗਰੀਬੀ ਨੂੰ ਪ੍ਰਭਾਸ਼ਿਤ ਕਰਨ ਲਈ ਬੜਾ ਹੀ ਵਧੀਆ ਅਤੇ ਸੰਵੇਦਨਸ਼ੀਲ ਮਾਪਦੰਡ ਨਿਰਧਾਰਿਤ ਕੀਤਾ ਗਿਆ। ਭਾਗੀਦਾਰੀ ਧਨ ਰੈਕਿੰਗ ਪ੍ਰਕ੍ਰਿਆ ਦੌਰਾਨ ਜਿਸ ਵਿੱਚ ਪੂਰੇ ਪਿੰਡ ਦੇ ਸਮੁਦਾਇ ਨੇ ਭਾਗ ਲਿਆ ਅਤੇ ਇਸ ਮਾਪਦੰਡ ਬਾਰੇ ਚਰਚਾ ਕੀਤੀ

ਗਈ, ਇਸ ਨੂੰ ਪੂਰੇ ਸਮੁਦਾਇ ਨੇ ਪ੍ਰਵਾਨਗੀ ਦੇ ਦਿੱਤੀ। ਉਦਾਹਰਣ ਦੇ ਲਈ, ਲੋਕਾਂ ਦਾ ਇੱਕ ਸਮੂਹ, ਜੋ ਕਿ ਬਜੁਰਗ ਹੈ ਅਤੇ ਬਿਨਾਂ ਸਹਾਰੇ ਤੋਂ ਹੈ, ਨੂੰ ਬੇਸਹਾਰਾ ਦੇ ਰੂਪ ਵਿੱਚ ਮਨੋਨੀਤ ਕੀਤਾ ਗਿਆ ਅਤੇ ਅਨਾਜ ਦੇ ਰੂਪ ਵਿੱਚ ਸਭ ਤੋਂ ਵੱਧ ਸਹਿਯੋਗ ਓਹਨਾਂ ਲਈ ਰੱਖਿਆ ਗਿਆ। ਸਖ਼ਤ ਮਿਹਨਤ ਕਰਨ ਵਾਲੇ ਗਰੀਬਾਂ ਦੀ ਸ਼੍ਰੇਣੀ ਵਿੱਚ ਓਹਨਾਂ ਨੂੰ ਰੱਖਿਆ ਗਿਆ ਜਿੰਨਾਂ ਕੋਲ ਕੋਈ ਜ਼ਮੀਨ ਨਹੀਂ ਅਤੇ ਓਹਨਾਂ ਨੂੰ ਆਪਣੇ ਰੋਜ਼ ਦੇ ਖਾਣੇ ਲਈ ਮਜਦੂਰੀ ਕਰਨ ਜਾਣਾ ਪੈਂਦਾ ਹੈ। ਜਿੰਨਾਂ ਕੋਲ ਸਿਰਫ ਇੱਕ ਏਕੜ ਜ਼ਮੀਨ ਹੈ ਪਰ ਕੋਈ ਪਸ਼ੂ ਨਹੀਂ ਅਤੇ ਨਾ ਹੀ ਸਿੰਚਾਈ ਲਈ ਕੋਈ ਸਾਧਨ ਹੈ, ਨੂੰ ਗਰੀਬ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ। ਇਸੇ ਤਰ੍ਹਾਂ, ਜੇਕਰ ਕਿਸੇ ਦੰਪਤੀ ਦੇ ਕਈ ਛੋਟੇ ਬੱਚੇ ਹਨ ਅਤੇ ਉਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹਨ, ਨੂੰ ਵੀ ਗਰੀਬ ਮੰਨਿਆ ਗਿਆ। ਏਕਲ ਮਹਿਲਾਵਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਗਰੀਬ ਵਰਗ ਵਿੱਚ ਸਿਖਰ ਤੇ ਸਥਾਨ ਦਿੱਤਾ ਗਿਆ।

ਇਸ ਦੇ ਬਾਅਦ ਹਰ ਘਰ ਨੂੰ ਇੱਕ ਰਾਸ਼ਨ ਕਾਰਡ ਜਾਰੀ ਕੀਤਾ ਗਿਆ। ਸਾਲ ਦੇ ਛੇ ਮਹੀਨੇ ਲਈ ਪਰਿਵਾਰ ਲਈ ਜਵਾਰ ਦਾ ਇੱਕ ਕੋਟਾ ਨਿਰਧਾਰਿਤ ਕੀਤਾ ਗਿਆ, ਜਦੋਂ ਕੰਮ ਅਤੇ ਭੋਜਨ ਦੁਰਲਭ ਹੁੰਦੇ ਹਨ ਅਤੇ ਗਰੀਬ ਨੂੰ ਸਭ ਤੋਂ ਵੱਧ ਸੰਘਰਸ਼ ਕਰਨਾ ਪੈਂਦਾ ਹੈ। ਇਸ ਤਰ੍ਹਾਂ, ਏ ਪੀ ਡੀ ਐਸ (ਵਿਕਲਪਕ ਸਾਰਵਜਨਿਕ ਵਿਤਰਣ ਪ੍ਰਣਾਲੀ) ਨੇ ਗਰੀਬ ਪਰਿਵਾਰਾਂ ਦੀ ਪੌਸ਼ਟਿਕ, ਸਥਾਨਕ ਵਾਤਾਵਰਣ ਵਿੱਚ ਢਲੇ ਭੋਜਨ ਤੱਕ ਪਹੁੰਚ ਨੂੰ ਵਧਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

## ਵਿਸਥਾਰ ਕਰਨਾ

ਇਹ ਪਹਿਲ ਜੋ 1994 ਵਿੱਚ ਸ਼ੁਰੂ ਹੋਈ ਸੀ, 2003 ਤੱਕ 51 ਪਿੰਡਾਂ ਦੇ 3600 ਏਕੜ ਵਿੱਚ ਫੈਲ ਗਈ ਅਤੇ ਜਿਹੜੇ ਗਰੀਬ ਲੋਕਾਂ ਦੀ ਪਛਾਣ ਕੀਤੀ ਗਈ ਓਹਨਾਂ ਨੂੰ ਜੇਕਰ ਜਰੂਰਤ ਪੈਂਦੀ ਹੈ ਤਾਂ ਛੇ ਮਹੀਨੇ ਲਈ ਭੋਜਨ ਉਪਲਬਧ ਕਰਵਾਇਆ ਜਾਂਦਾ ਹੈ। ਇਸ ਤੋਂ ਬਾਅਦ ਇਹ ਵਿਕਲਪਕ ਸਾਰਵਜਨਿਕ ਵਿਤਰਣ ਪ੍ਰਣਾਲੀ ਜਿਲ੍ਹੇ ਦੇ, ਰਾਜ ਦੇ ਅਤੇ ਦੇਸ਼ ਦੇ ਹੋਰ ਪਿੰਡਾਂ ਵਿੱਚ ਵੀ ਫੈਲ ਗਈ। ਅੱਜ ਦੀ ਤਾਰੀਖ਼ ਵਿੱਚ, ਮੇਦਕ ਜਿਲ੍ਹੇ ਦੇ 79 ਪਿੰਡਾਂ ਅਤੇ ਜਿਲ੍ਹੇ ਤੋਂ ਬਾਹਰ 46 ਪਿੰਡ ਅਤੇ ਲਗਭਗ 7000 ਏਕੜ ਜ਼ਮੀਨ ਇਸ ਪਹਿਲ ਅਧੀਨ ਕਵਰ ਕੀਤੇ ਗਏ ਹਨ ਅਤੇ 6000 ਦੇ ਕਰੀਬ ਖੇਤੀ ਪਰਿਵਾਰਾਂ ਨੂੰ ਸਹਿਯੋਗ ਦਿੱਤਾ ਜਾ ਰਿਹਾ ਹੈ। ਇਸਦੇ ਨਾਲ ਹੀ, ਇਹ ਜ਼ਮੀਨਾਂ 2 ਮਿਲੀਅਨ ਕਿਲੋਗ੍ਰਾਮ ਅਨਾਜ ਦਾ ਉਤਪਾਦਨ ਕਰ ਰਹੀਆਂ ਹਨ ਅਤੇ ਇਹਨਾਂ ਪਿੰਡਾਂ ਵਿੱਚ ਰੁਜ਼ਗਾਰ ਦੇ 3 ਲੱਖ 50 ਹਜਾਰ ਵਿਅਕਤੀ-ਦਿਨ (ਮਾਪਣ ਦੀ ਇੱਕ ਇਕਾਈ, ਇੱਕ ਵਿਅਕਤੀ ਦੁਆਰਾ ਇੱਕ ਕੰਮ ਵਾਲੇ ਦਿਨ ਵਿੱਚ ਕੀਤਾ ਗਏ ਕੰਮ ਦੀ ਮਾਤਰਾ ਉੱਪਰ ਆਧਾਰਿਤ-ਵਿਅਕਤੀ-ਦਿਨ) ਪੈਦਾ ਕਰਨ ਵਿੱਚ ਸਫਲ ਰਹੇ ਹਨ। ਇਸ ਸਭ ਵਿੱਚ, ਏ ਪੀ ਡੀ ਐਸ 11000 ਖਪਤਕਾਰ ਘਰਾਂ ਜਿਸ ਵਿੱਚ 60,000 ਲੋਕ ਸ਼ਾਮਿਲ ਹਨ ਨੂੰ ਭੋਜਨ ਪ੍ਰਦਾਨ ਕਰ ਰਿਹਾ ਹੈ।

ਵਿਕਰੀ ਤੋਂ ਪ੍ਰਾਪਤ ਆਮਦਨ ਨੂੰ ਸਮੁਦਾਇ ਦੇ ਅਨਾਜ ਫੰਡ ਵਿੱਚ ਹਰ ਪਿੰਡ ਦੁਆਰਾ ਜਮ੍ਹਾ ਕਰਵਾਇਆ ਜਾਂਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਬੰਜਰ ਭੂਮੀ ਨੂੰ ਖੇਤੀ ਤਹਿਤ ਲਿਆਉਣ; ਅਤੇ ਭੂਮੀ ਵਿਕਾਸ ਦੀਆਂ ਹੋਰ ਗਤੀਵਿਧੀਆਂ ਲਈ ਵਰਤਿਆ ਜਾਂਦਾ ਹੈ। ਇਹ ਦਰਸਾਉਂਦਾ ਹੈ ਕਿ ਭੋਜਨ ਸੁਰੱਖਿਆ ਦਾ ਇਹ ਘੇਰਾ ਸਾਲ ਦਰ ਸਾਲ ਵਧਦਾ ਹੀ ਜਾ ਰਿਹਾ ਹੈ।

ਇਸ ਪ੍ਰੋਗਰਾਮ ਲਈ ਸਿਰਫ ਸ਼ੁਰੂਆਤੀ ਸਹਾਇਤਾ ਲਈ ਗਈ, ਉਸ ਤੋਂ ਬਾਅਦ ਇਸਦੀ ਸਾਰੀ ਜਿੰਮੇਦਾਰੀ ਸਥਾਨਕ ਸਮੁਦਾਇਆਂ ਦੁਆਰਾ ਲੈ ਲਈ ਗਈ। ਅਤੇ ਜਦੋਂ ਤੋਂ ਇਸ ਪ੍ਰੋਗਰਾਮ ਦੀ ਯੋਜਨਾਬੰਦੀ ਬਣੀ ਅਤੇ ਇਸਨੂੰ ਲਾਗੂ ਕੀਤਾ ਗਿਆ ਇਸ ਵਿੱਚ ਹਰ ਕਦਮ ਤੇ ਸਮੁਦਾਇਆਂ ਦੀ ਕਿਰਿਆਸ਼ੀਲ ਭਾਗੀਦਾਰੀ ਰਹੀ। ਇਸ ਕੰਮ ਦਾ ਪ੍ਰਬੰਧਨ ਦਲਿਤ ਔਰਤਾਂ ਦੇ ਸਮੂਹ, ਜੋ ਕਿ ਅਨਪੜ੍ਹ ਅਤੇ ਹਾਸ਼ੀਏ ਤੋਂ ਪਰ੍ਹਾਂ ਸਨ, ਜਿੰਨਾਂ ਨੂੰ ਆਪਣੀ ਜਿੰਦਗੀ ਵਿੱਚ ਕਿਸੇ ਵੀ ਚੀਜ਼ ਦੇ ਪ੍ਰਬੰਧਨ ਦੀ ਇਜ਼ਾਜਤ ਨਹੀਂ ਮਿਲੀ ਸੀ, ਦੁਆਰਾ ਕੀਤਾ ਗਿਆ। ਅਤੇ ਇਹ ਇਸ ਪਹਿਲ ਦਾ ਸਭ ਤੋਂ ਜ਼ੋਰਦਾਰ ਸਮਾਜਿਕ-ਰਾਜਨੀਤਿਕ ਪਹਿਲੂ ਹੈ।

ਇਸ ਕੰਮ ਦਾ ਪ੍ਰਬੰਧਨ ਦਲਿਤ ਔਰਤਾਂ ਦੇ ਸਮੂਹ, ਜੋ ਕਿ ਅਨਪੜ੍ਹ ਅਤੇ ਹਾਸ਼ੀਏ ਤੋਂ ਪਰ੍ਹਾਂ ਸਨ, ਜਿੰਨਾਂ ਨੂੰ ਆਪਣੀ ਜਿੰਦਗੀ ਵਿੱਚ ਕਿਸੇ ਵੀ ਚੀਜ਼ ਦੇ ਪ੍ਰਬੰਧਨ ਦੀ ਇਜ਼ਾਜਤ ਨਹੀਂ ਮਿਲੀ ਸੀ, ਦੁਆਰਾ ਕੀਤਾ ਗਿਆ। ਅਤੇ ਇਹ ਇਸ ਪਹਿਲ ਦਾ ਸਭ ਤੋਂ ਜ਼ੋਰਦਾਰ ਸਮਾਜਿਕ-ਰਾਜਨੀਤਿਕ ਪਹਿਲੂ ਹੈ।

ਇਹਨਾਂ ਯਤਨਾਂ ਨੂੰ ਸਵੀਕਾਰ ਕਰਦੇ ਹੋਏ ਯੋਜਨਾ ਆਯੋਗ ਨੇ ਸਿਫਾਰਿਸ਼ ਕੀਤੀ ਕਿ ਮੂਲ ਅਨਾਜਾਂ ਨੂੰ ਸਾਰਵਜਨਿਕ ਵਿਤਰਣ ਪ੍ਰਣਾਲੀ ਦਾ ਹਿੱਸਾ ਬਣਾਇਆ ਜਾਵੇ। ਇਸਦੇ ਇਲਾਵਾ, ਉਹਨਾਂ ਔਰਤਾਂ ਜਿੰਨਾ ਨੇ ਇਸਦੀ ਅਗਵਾਈ ਕੀਤੀ ਉਹਨਾਂ ਨੂੰ ਭੁੱਖ ਉੱਪਰ ਜਿੱਤ ਪ੍ਰਾਪਤ ਕਰਨ ਦੇ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਚਾਂ ਉੱਪਰ ਮਾਨਤਾ ਦਿੱਤੀ ਗਈ।

ਇਹਨਾਂ ਔਰਤਾਂ ਦੀਆਂ ਕੋਸ਼ਿਸ਼ਾਂ ਦੇ ਲਈ ਧੰਨਵਾਦ, ਜਿੰਨਾਂ ਕਰਕੇ ਭਾਰਤ ਦੀ ਰਾਸ਼ਟਰੀ ਜੈਵਵਿਭਿੰਨਤਾ ਅਤੇ ਕਾਰਜ ਯੋਜਨਾ-2009 ਵੱਲੋਂ ਸਾਰਵਜਨਿਕ ਵਿਤਰਣ ਪ੍ਰਣਾਲੀ ਨੂੰ ਖੇਤੀ ਵਿਭਿੰਨਤਾ ਦਾ ਇਸਤੇਮਾਲ ਕਰਨ, ਇਸ ਨੂੰ ਭੋਜਨ ਨਾਲ ਜੋੜਨ, ਪੌਸ਼ਟਿਕਤਾ ਅਤੇ ਰੁਜ਼ਗਾਰ ਸੁਰੱਖਿਆ ਅਤੇ ਖਾਸ ਕਰਕੇ ਇਸ ਪ੍ਰਣਾਲੀ ਦੁਆਰਾ ਸਥਾਨਕ ਅਨਾਜਾਂ ਦੇ ਉਤਪਾਦਨ ਅਤੇ ਵਿਤਰਣ (ਵਿਭਿੰਨਤਾ ਭਰਪੂਰ ਖੇਤੀ ਨੂੰ ਜਾਰੀ ਰੱਖਣਾ ਜਾਂ ਦੁਬਾਰਾ ਸ਼ੁਰੂ ਕਰਨ ਲਈ ਪ੍ਰੋਤਸਾਹਨ ਦੇਣਾ) ਉੱਪਰ ਧਿਆਨ ਦੇਣ ਅਤੇ ਔਰਤਾਂ ਦੀਆਂ ਕਮੇਟੀਆਂ ਨੂੰ ਇਸ ਪ੍ਰਣਾਲੀ ਉੱਪਰ ਨਿਯੰਤ੍ਰਣ ਦੇਣ ਆਦਿ ਦੀ ਦਿਸ਼ਾ ਵਿੱਚ ਕੰਮ ਕਰਨ ਲਈ ਸੁਧਾਰ ਕਰਨ ਦੀ ਗੱਲ ਕੀਤੀ। ਇਹ ਸਿਰਫ ਇਹਨਾਂ ਔਰਤਾਂ ਦੇ ਅਣਥੱਕ ਯਤਨਾਂ ਦਾ ਨਤੀਜਾ ਹੈ ਜੋ ਓਹਨਾਂ ਨੇ ਭੋਜਨ ਸੰਪ੍ਰਭੂਤਾ ਲਈ ਕੀਤੇ।

(ਸੰਦੀਪ ਕੇ ਪਹਿਲਾਂ ਦੱਖਣ ਡਿਵਲਪਮੈਂਟ ਸੁਸਾਇਟੀ ਨਾਲ ਪ੍ਰੋਗਰਾਮ ਮੈਨੇਜਰ ਦੇ ਤੌਰ ਤੇ ਜੁੜੇ ਰਹੇ ਹਨ।)

**ਸੰਦੀਪ ਕੇ**
ਡਿਪਟੀ ਮੈਨੇਜਰ, ਫਾਊਂਡੇਸ਼ਨ ਫਾਰ ਈਕੋਲੋਜੀਕਲ ਸਕਿਊਰਿਟੀ
ਈ-ਮੇਲ: sandeep@fes.org.in

**Reshaping destinies**
**LEISA INDIA, Vol-16, No. 4, December 2014.**

# ਸਿਹਤਮੰਦ ਮਿੱਟੀ ਲਈ ਬਾਇਓਚਾਰ

ਜੇ ਇਲਾਂਗੋ ਅਤੇ
ਵੀ. ਐੱਮ. ਕਰੁਨਾਗਰਨ



**ਚੀਕੂ ਦੇ ਦਰੱਖਤ ਨੂੰ ਪਾਇਆ ਗਿਆ ਬਾਇਓਚਾਰ**

ਪੋਸ਼ਕ ਤੱਤਾਂ ਦੀ ਕਮੀ ਵਾਲੀ ਮਿੱਟੀ ਵਿੱਚ ਕਾਰਬਨ ਦੀ ਮਾਤਰਾ ਵਧਾਉਣ ਲਈ ਤਾਮਿਲਨਾਡੂ ਦੇ ਕਿਸਾਨਾਂ ਨੇ ਪਰੀਖਣ ਦੇ ਆਧਾਰ ਤੇ ਬਾਇਓਚਾਰ ਦਾ ਇਸਤੇਮਾਲ ਕਰਕੇ ਦੇਖਿਆ। ਉਹਨਾਂ ਨੇ ਪਾਇਆ ਕਿ ਮਿੱਟੀ ਵਿੱਚ ਬਾਇਓਚਾਰ ਪਾਉਣ ਨਾਲ, ਮਿੱਟੀ ਦੇ ਭੌਤਿਕ ਢਾਂਚੇ ਅਤੇ ਰਸਾਇਣਿਕ ਗੁਣਾਂ ਵਿੱਚ ਸੁਧਾਰ ਆਇਆ ਹੈ ਅਤੇ ਇਹ ਅਸਰ ਤਿੰਨ ਫਸਲ ਚੱਕਰਾਂ ਤੱਕ ਬਣਿਆ ਰਿਹਾ। ਇਸ ਪ੍ਰਕ੍ਰਿਆ ਵਿੱਚ, ਉਹਨਾਂ ਨੂੰ ਵਿਲਾਇਤੀ ਕਿੱਕਰ ਨੂੰ ਇਸਤੇਮਾਲ ਕਰਨ ਦਾ ਵੀ ਤਰੀਕਾ ਮਿਲ ਗਿਆ ਜੋ ਕਿ ਓਹਨਾਂ ਦੇ ਖੇਤਾਂ ਵਿੱਚ ਤੇਜ਼ੀ ਨਾਲ ਫੈਲ ਰਹੀ ਸੀ।

**ਬਾਇਓਚਾਰ ਕੀ ਹੈ?**

ਬਾਇਓਚਾਰ ਬਾਇਓਮਾਸ ਦੇ ਕਾਰਬਨੀਕਰਨ ਤੋਂ ਪ੍ਰਾਪਤ ਇੱਕ ਠੋਸ ਸਮੱਗਰੀ ਹੈ। ਬਾਇਓਚਾਰ ਮਿੱਟੀ ਦੇ ਕੰਮਾਂ ਵਿੱਚ ਸੁਧਾਰ ਕਰਨ ਦੇ ਇਰਾਦੇ ਨਾਲ ਮਿੱਟੀ ਵਿੱਚ ਪਾਇਆ ਜਾਂਦਾ ਹੈ ਅਤੇ ਇਸਦੇ ਨਾਲ ਹੀ ਇਹ ਬਾਇਓਮਾਸ ਵਿੱਚੋਂ ਗਰੀਨ ਹਾਊਸ ਗੈਸਾਂ (ਹਰਾ ਗ੍ਰਹਿ ਪ੍ਰਭਾਵ) ਦੇ ਨਿਕਾਸ ਨੂੰ ਵੀ ਘੱਟ ਕਰਦਾ ਹੈ।

ਅਰਧ-ਖੁਸ਼ਕ ਖੇਤਰਾਂ ਵਿੱਚ ਖੇਤੀ ਉਤਪਾਦਨ ਨੂੰ ਬਣਾਏ ਰੱਖਣ ਲਈ ਬੜੀ ਹੀ ਘੱਟ ਵਰਖਾ ਹੁੰਦੀ ਹੈ। ਦੇਸੀ ਬਨਸਪਤੀ ਵਿੱਚ ਕਈ ਤਰ੍ਹਾਂ ਦੀਆਂ ਪ੍ਰਜਾਤੀਆਂ ਜਿਵੇਂ ਘਾਹ ਅਤੇ ਘਾਹ ਜਿਹੇ ਹੋਰ ਪੌਦੇ, ਝਾੜੀਆਂ ਅਤੇ ਰੁੱਖ ਆਦਿ ਪਾਏ ਜਾਂਦੇ ਹਨ। ਸਾਲਾਨਾ ਵਰਖਾ 200-250 ਤੋਂ ਲੈ ਕੇ 500-600 ਮਿਲੀਮੀਟਰ ਤੱਕ ਹੁੰਦੀ ਹੈ। ਪਿਛਲੇ ਤਿੰਨ ਦਹਾਕਿਆਂ ਵਿੱਚ, ਵਿਰੁਧੁਨਗਰ, ਰਾਮਨਾਥਪੁਰਮ ਅਤੇ ਸਿਵਾਗੰਗਈ ਜਿਲ੍ਹਿਆਂ ਵਿੱਚ ਅਨਿਯਮਿਤ ਵਰਖਾ ਅਤੇ ਵਿਲਾਇਤੀ ਕਿੱਕਰ ਦੇ ਲਗਾਤਾਰ ਫੈਲਾਅ ਕਰਕੇ ਖੇਤੀ ਯੋਗ ਭੂਮੀ ਘਟਦੀ ਗਈ ਅਤੇ ਖਾਲੀ ਜ਼ਮੀਨ ਵਿੱਚ ਵਾਧਾ ਹੋਇਆ। ਸਾਂਝੀ ਚਰਾਗਾਹਾਂ ਵਿੱਚ ਭਾਰੀ ਕਮੀ ਆਉਣ ਕਰਕੇ ਸਥਾਨਕ ਪਸ਼ੂਧਨ ਵਿੱਚ ਵੀ ਕਮੀ ਆਈ ਜੋ ਕਿ ਖੇਤੀ ਵਿੱਚ ਕੰਮ ਆਉਂਦਾ ਸੀ। ਇਸਦੇ ਕਰਕੇ ਗੋਬਰ ਦੀ ਖਾਦ ਦੇ ਉਤਪਾਦਨ ਅਤੇ ਖੇਤ ਵਿੱਚ ਪਾਉਣ ਦੀ ਮਾਤਰਾ ਵਿੱਚ ਕਮੀ ਆਈ ਜੋ ਕਿ ਪ੍ਰੰਪਰਿਕ ਤੌਰ 'ਤੇ ਜੈਵਿਕ ਖੇਤੀ ਵਿੱਚ ਪਾਈ ਜਾਂਦੀ ਸੀ।

ਆਰਗਨਾਈਜੇਸ਼ਨ ਆਫ ਡਿਵਲਪਮੈਂਟ ਐਕਸ਼ਨ ਐਂਡ ਮੈਂਟੇਨਨੈਂਸ (ਓ ਡੀ ਏ ਐਮ), ਇੱਕ ਐਨ ਜੀ ਓ ਜੋ ਇਸ ਖੇਤਰ ਵਿੱਚ ਕੰਮ ਕਰ ਰਹੀ ਸੀ, ਨੂੰ ਟੈਰਾ ਪਰੇਟਾ, ਜਿਸਦਾ ਪੁਰਤਗਾਲੀ ਭਾਸ਼ਾ ਵਿਚ ਅਰਥ ਹੈ ਕਾਲੀ ਮਿੱਟੀ ਬਾਰੇ ਪਤਾ ਸੀ ਅਤੇ ਇਸ ਨੂੰ ਇਸ ਗੱਲ ਬਾਰੇ ਜਾਣਕਾਰੀ ਸੀ ਕਿ ਇਸਦਾ ਇਸਤੇਮਾਲ ਖੇਤ ਵਿੱਚ ਮਿੱਟੀ ਦੇ ਉਪਜਾਊ ਸ਼ਕਤੀ ਵਧਾਉਣ

ਲਈ ਬਹੁਤ ਵਧੀਆ ਹੋ ਸਕਦਾ ਹੈ। ਇਸਦੇ ਇਲਾਵਾ ਇਹ ਵੀ ਮਹਿਸੂਸ ਕੀਤਾ ਗਿਆ ਕਿ ਇਸ ਵਿਕਲਪ ਰਾਹੀ ਵਿਲਾਇਤੀ ਕਿੱਕਰ ਨੂੰ ਕੋਲੇ ਵਿੱਚ ਬਦਲ ਕੇ ਉਸਦਾ ਪਸਾਰ ਰੋਕਿਆ ਜਾ ਸਕਦਾ ਹੈ।

ਜਾਪਾਨ ਦੀ ਦਹਾਕਿਆਂ ਦੀ ਖੋਜ ਅਤੇ ਅਮਰੀਕਾ ਵਿੱਚ ਹੋਏ ਹਾਲ ਹੀ ਦੇ ਅਧਿਐਨ ਇਹ ਦੱਸਦੇ ਹਨ ਕਿ ਬਾਇਓਚਾਰ ਮਿੱਟੀ ਵਿੱਚ ਖੇਤੀ ਦੇ ਲਈ ਵਿਭਿੰਨ ਸੂਖ਼ਮ ਜੀਵਾਂ ਦੀਆਂ ਗਤੀਵਿਧੀਆਂ ਨੂੰ ਵਧਾਵਾ ਦਿੰਦਾ ਹੈ। ਬਾਇਓਆਚਾਰ ਵਿਚਲੇ ਮੁਸਾਮ ਸੂਖ਼ਮ ਜੀਵਾਂ ਨੂੰ ਸ਼ਿਕਾਰ ਅਤੇ ਗਰਮੀ ਤੋਂ ਬਚਾ ਕੇ ਉਹਨਾਂ ਨੂੰ ਉੱਚਿਤ ਨਿਵਾਸ ਪ੍ਰਦਾਨ ਕਰਨ ਦੇ ਨਾਲ ਨਾਲ ਓਹਨਾਂ ਦੀ ਜਰੂਰਤ ਦੇ ਪੌਸ਼ਟਿਕ ਤੱਤ ਵੀ ਪ੍ਰਦਾਨ ਕਰਦੇ ਹਨ। ਸੀਮੇਨਪੂ ਫਾਊਂਡੇਸ਼ਨ ਦੇ ਪ੍ਰਤੀਨਿਧੀਆਂ ਦੁਆਰਾ ਕੀਤੇ ਇਹਨਾਂ ਅਧਿਐਨਾਂ, ਪ੍ਰਯੋਗਾਂ ਅਤੇ ਵਿਚਾਰ-ਵਟਾਂਦਰੇ ਨੇ ਓਡੀਈਐਮ ਨੂੰ ਅਲੱਗ-ਅਲੱਗ ਸੁਧਾਰ ਕਰਕੇ ਕੋਲੇ ਨੂੰ ਮਿੱਟੀ ਵਿੱਚ ਸੁਧਾਰ ਕਰਨ ਲਈ ਵਰਤਣ ਦੇ ਆਪਣੇ ਟ੍ਰਾਇਲ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

## ਫੀਲਡ ਟ੍ਰਾਇਲ

ਫੀਲਡ ਟ੍ਰਾਇਲ ਓਡੀਈਐਮ ਦੁਆਰਾ ਸਥਾਪਿਤ ਬਾਇਓਡੀਜ਼ਲ ਪ੍ਰਦਰਸ਼ਨ ਇਕਾਈ ਦੇ ਨੇੜੇ ਤ੍ਰਿਚੁਲੀ ਦੇ ਉੱਤਰ ਪੂਰਬ ਤੋਂ 8 ਕਿ.ਮੀ. ਦੂਰ ਇੱਕ ਖੇਤ ਵਿੱਚ ਕੀਤੇ ਗਏ। ਇਹ ਖੇਤਰ ਅਰਧ ਖੁਸ਼ਕ ਸੀ ਅਤੇ ਇੱਕ ਵਰਖਾ 500 ਤੋਂ 600 ਮਿ.ਮੀਂ ਹੁੰਦੀ ਸੀ ਅਤੇ ਉਹ ਵੀ ਜ਼ਿਆਦਾਤਰ ਮੱਧ-ਅਕਤੂਬਰ ਅਤੇ ਮੱਧ ਦਸੰਬਰ ਦੇ ਵਿਚਕਾਰ। ਮਿੱਟੀ ਨੂੰ ਘੱਟ ਪਾਣੀ ਸੋਖਣ ਵਾਲੀ ਅਤੇ ਪੋਸ਼ਕ ਤੱਤਾਂ ਨੂੰ ਧਾਰਣ ਕਰਨ ਦੀ ਘੱਟ ਸਮਰੱਥਾ ਵਾਲੀ, ਮੋਟੇ ਜਾਂ ਮੱਧਮ ਬਣਾਵਟ ਵਾਲੀ, ਥੋੜੀ ਰੇਤ ਵਾਲੀ ਔਕਸੀਸੋਲ ਲਾਲ ਮਿੱਟੀ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ।

ਓਡੀਈਐਮ ਦੁਆਰਾ ਆਯੋਜਿਤ ਬਾਇਓਆਚਾਰ ਦੇ ਟ੍ਰਾਇਲਾਂ ਲਈ ਵਿਲਾਇਤੀ ਕਿੱਕਰ ਦੀ ਲੱਕੜੀ ਦਾ ਕੋਲਾ ਸਥਾਨਕ ਕੋਲਾ ਬਣਾਉਣ ਵਾਲਿਆਂ ਤੋਂ ਖਰੀਦਿਆ ਗਿਆ। ਕੋਲੇ ਦੇ ਟੁਕੜਿਆਂ ਦੀ ਬਣਾਵਟ ਦੇ ਅਨੁਸਾਰ ਉਸਨੂੰ ਅਲੱਗ-ਅਲੱਗ ਕ੍ਰਮ ਵਿੱਚ ਵੰਡਿਆ ਗਿਆ ਅਤੇ ਧਿਆਨ ਨਾਲ ਨਿਰੀਖਣ ਕਰਨ ਤੋਂ ਬਾਅਦ ਇਹ ਯਕੀਨੀ ਬਣਾਇਆ ਗਿਆ ਕਿ ਇਹ ਕੋਲਾ ਪਾਊਡਰ ਬਣਾਉਣ ਲਈ ਸਹੀ ਹੋਵੇਗਾ। ਪੀਸਿਆ ਹੋਇਆ ਲੱਕੜੀ ਦਾ ਕੋਇਲਾ ਪਾਲੀਥੀਨ ਸ਼ੀਟ ਦੇ ਆਵਰਣ ਵਾਲੇ ਏਅਰ ਟਾਈਟ ਬਰਦਾਨਿਆਂ ਵਿੱਚ ਰੱਖਿਆ ਗਿਆ। ਨਹੀਂ ਤਾਂ ਨਮੀ ਨੂੰ ਸੋਖਣ ਕਰਕੇ ਚਾਰਕੋਲ ਪਾਊਡਰ ਦੀ ਗੁਣਵੱਤਾ ਉੱਪਰ ਅਸਰ ਕਰੇਗਾ।

## ਬੀਜ ਬੀਜਣੇ ਅਤੇ ਪੌਦੇ ਲਗਾਉਣੇ

ਭਿੰਡੀ, ਟਮਾਟਰ ਅਤੇ ਬੈਂਗਣ ਦੇ ਬੀਜ ਟੋਏ ਵਿੱਚ ਲਗਾਏ ਗਏ। ਹਰੇਕ ਟੋਏ ਵਿੱਚ ਹਰੇਕ ਪ੍ਰਜਾਤੀ ਦੇ 4-4 ਬੀਜ ਲਗਾਏ ਗਏ। ਬਾਅਦ ਵਿੱਚ ਬਾਰਿਸ਼ ਦੇ ਦਿਨਾਂ ਦੌਰਾਨ, ਟਮਾਟਰ ਅਤੇ ਬੈਂਗਣ ਦੇ ਬੀਜ ਖਰਾਬ ਹੋ ਗਏ। ਭਿੰਡੀ ਦੇ ਬੀਜ ਉੱਗ ਗਏ ਅਤੇ ਬਚ ਗਏ। 15 ਦਿਨਾਂ ਬਾਅਦ, ਟਮਾਟਰ ਅਤੇ ਬੈਂਗਣ ਦੀ ਪਨੀਰੀ ਸਬਜੀਆਂ ਬੀਜਣ ਵਾਲੇ ਗਵਾਂਢੀ ਕਿਸਾਨ ਤੋਂ ਲੈ ਕੇ ਲਗਾਏ ਗਏ। ਪਨੀਰੀ ਲਗਾਉਣ ਤੋਂ ਬਾਅਦ, ਹਰ ਟੋਏ ਵਿੱਚ ਕੁੱਲ ਮਿਲਾ ਕੇ 12 (ਟਮਾਟਰ, ਬੈਂਗਣ, ਭਿੰਡੀ ਦੇ 4-4 ਪੌਦੇ) ਪੌਦੇ ਸਨ।

ਲਗਭਗ 21 ਰੁਪਏ ਸਭ ਸਬਜੀਆਂ ਜਿਵੇਂ ਲਾਲ ਮਿਰਚ, ਪਿਆਜ਼, ਟਮਾਟਰ, ਭਿੰਡੀ, ਬੈਂਗਣ, ਰਾਜ ਮਾਂਹ ਅਤੇ ਗਵਾਰਾ ਫਲੀ ਉੱਪਰ ਖਰਚ ਕੀਤੇ ਗਏ। ਇਸ ਤੋਂ ਇਲਾਵਾ, ਬਾਇਓਚਾਰ ਮਿੱਟੀ ਸੰਸ਼ੋਧਨ ਦੇ ਨਾਲ ਸੁਹੰਜਨਾ ਦੇ ਪੌਦੇ ਵੀ ਲਗਾਏ ਗਏ।

### ਬਾਕਸ 1 : ਟ੍ਰਾਇਲਾਂ ਅਤੇ ਟੇਰਾ ਪਰੇਟਾ ਸੰਯੋਜਨਾਂ ਦੇ ਪ੍ਰਕਾਰ

**1.** ਕਰੰਜ, ਰਤਨਜੋਤ, ਨਿੰਮ, ਸਿਲਕ ਕਾਟਨ ਦੀ ਛੋਟੇ-ਛੋਟੇ ਟੁਕੜਿਆਂ ਵਾਲੀ ਖਲ ਬਣਾਈ ਗਈ ਅਤੇ ਟੋਏ ਵਿੱਚ ਸਭ ਤੋਂ ਹੇਠਾਂ ਮਿੱਟੀ ਪਾ ਕੇ ਉਸ ਉੱਪਰ ਇਹ ਖਲ ਪਾਈ ਗਈ। ਇਹ ਖਲ ਪਾਉਣ ਤੋਂ ਬਾਅਦ ਉਸ ਉੱਪਰ ਫਿਰ ਮਿੱਟੀ ਪਾਈ ਗਈ।

**2.** 1:1 ਦੇ ਅਨੁਪਾਤ ਵਿੱਚ ਦੋ ਤਰ੍ਹਾਂ ਦੀਆਂ ਖਲਾਂ ਦੇ ਮਿਸ਼ਰਣ ਨਾਲ 8 ਸੰਯੋਜਨ ਬਣਾਏ ਗਏ ਉਦਾਹਰਣ ਲਈ ਇੱਕ ਹਿੱਸਾ ਰਤਨਜੋਤ ਦੀ ਖਲ ਦਾ ਅਤੇ ਇੱਕ ਹਿੱਸਾ ਨਿੰਮ ਦੀ ਖਲ ਦਾ। ਖਲ ਛੋਟੇ-ਛੋਟੇ ਟੁਕੜਿਆਂ ਵਿੱਚ ਤਿਆਰ ਕੀਤੀ ਗਈ ਅਤੇ ਚੰਗੀ ਤਰ੍ਹਾਂ ਮਿਲਾਈ ਗਈ। ਬਾਕੀ ਪ੍ਰਕ੍ਰਿਆ ਪਹਿਲਾ ਵਾਲੀ ਦੀ ਤਰ੍ਹਾਂ ਹੀ ਸੀ। ਇਸ ਤਰ੍ਹਾਂ ਦੇ ਮਿਸ਼ਰਣ ਵਿੱਚ, ਇੱਕ ਹੋਰ ਪ੍ਰਜਾਤੀ ਸੁਲਤਾਨ ਚੰਪਾ ਜਿਸ ਨੂੰ ਸੰਸਕ੍ਰਿਤ ਵਿੱਚ ਨਾਗ ਚੰਪਾ ਵੀ ਕਹਿੰਦੇ ਹਨ ਦੀ ਖਲ ਵੀ ਇਸਤੇਮਾਲ ਕੀਤੀ ਗਈ।

**3.** ਚਾਰ ਤਰ੍ਹਾਂ ਦੀ ਖਲ ਨੂੰ ਮਿਲਾ ਕੇ ਇੱਕ ਸੰਯੋਜਨ ਬਣਾਇਆ ਗਿਆ। ਇਸ ਸੰਸ਼ੋਧਨ ਲਈ ਉਹਨਾਂ ਸਭ ਬੀਜਾਂ ਦਾ ਇਸਤੇਮਾਲ ਕੀਤਾ ਗਿਆ ਜੋ ਏਕਲ ਸੰਯੋਜਨ ਵਿੱਚ ਵਰਤੇ ਗਏ ਸਨ।

**4.** ਵਿਲਾਇਤੀ ਕਿੱਕਰ ਦੇ ਕੋਲੇ ਦੇ ਵੱਡੇ ਟੁਕੜੇ ਵੀ ਪਹਿਲੀ ਲਾਈਨ ਦੇ ਇਹਨਾਂ ਟੋਇਆਂ ਵਿੱਚੋਂ ਇੱਕ ਟੋਏ ਵਿੱਚ ਪਾਏ ਗਏ।

**5.** ਕੋਲੇ ਦੇ ਪਾਊਡਰ ਨੂੰ ਛਾਨਣ ਤੋਂ ਬਾਅਦ ਕੋਲੇ ਦੇ ਇਕੱਠੇ ਹੋਏ ਛੋਟੇ ਟੁਕੜੇ (0.5 ਸੈਮੀਂ ਤੋਂ ਲੈ ਕੇ ਇੱਕ ਸੈਮੀਂ ਤੱਕ ਦੇ ਛੋਟੇ ਟੁਕੜੇ) ਵੀ ਪਹਿਲੀ ਲਾਈਨ ਦੇ ਇਹਨਾਂ ਟੋਇਆਂ ਵਿੱਚੋਂ ਇੱਕ ਟੋਏ ਵਿੱਚ ਪਾਏ ਗਏ।

**6.** ਕੋਲੇ ਦਾ ਸੁੱਕਾ ਪਾਊਡਰ ਪਹਿਲੀ ਲਾਈਨ ਦੇ ਦੋ ਟੋਇਆਂ ਵਿੱਚ ਪਾਇਆ ਗਿਆ।

**7.** ਟੋਏ ਵਿੱਚ ਪਾਉਣ ਤੋਂ ਪਹਿਲਾਂ ਕੋਲੇ ਨੂੰ ਪਾਣੀ ਨਾਲ ਸੰਤ੍ਰਿਪਤ ਕਰਕੇ 15 ਦਿਨ ਰੱਖਿਆ ਗਿਆ।

**8.** ਨਿੰਮ, ਸਿਲਕ ਕਾਟਨ, ਸੁਲਤਾਨ ਚੰਪਾ ਅਤੇ ਕਰੰਜ ਦੀ ਖਲ ਨੂੰ ਕੋਲੇ ਦੇ ਪਾਊਡਰ ਨਾਲ 1:1:1:1 ਵਿੱਚ ਮਿਕਸ ਕੀਤਾ ਗਿਆ।

**9.** ਰਤਨਜੋਤ ਦੀ ਖਲ ਨੂੰ 1:2 ਅਨੁਪਾਤ ਵਿੱਚ ਕੋਲੇ ਦੇ ਪਾਊਡਰ ਵਿੱਚ ਮਿਲਾਇਆ ਗਿਆ ਅਤੇ ਪਾਣੀ ਨਾਲ ਸੰਤ੍ਰਿਪਤ ਕੀਤਾ ਗਿਆ। ਇਹ ਸੰਤ੍ਰਿਪਤ ਪ੍ਰਕ੍ਰਿਆ ਪਹਿਲੇ ਮਹੀਨੇ ਵਿੱਚ 3 ਤੋਂ 4 ਦਿਨਾਂ ਦੇ ਅੰਤਰਾਲ ਤੇ ਸਮੇਂ-ਸਮੇਂ ਤੇ ਕੀਤੀ ਗਈ ਅਤੇ ਅਗਲੇ ਮਹੀਨੇ ਹਫ਼ਤੇ ਵਿੱਚ ਇੱਕ ਦਿਨ ਕੀਤੀ ਗਈ ਅਤੇ ਖਮੀਰਣ ਲਈ ਇਸਨੂੰ ਬੰਦ ਹਾਲਾਤਾਂ ਵਿੱਚ ਰੱਖਿਆ ਗਿਆ।

**10.** ਖੇਤੀ ਦੀ ਰਹਿੰਦ-ਖੂੰਹਦ ਜਿਵੇਂ ਕੇਲੇ ਦੇ ਸੁੱਕੇ ਪੱਤੇ, ਗਵਾਰਾ ਫਲੀ, ਰਤਨਜੋਤ ਦੀਆਂ ਫਲੀਆਂ ਦੇ ਛਿਲਕੇ, ਗੰਨੇ ਦੇ ਸੁੱਕੇ ਪੱਤੇ ਅਤੇ ਗੰਨੇ ਦੀ ਰਹਿੰਦ-ਖੂੰਹਦ (ਜੂਸ ਕੱਢਣ ਤੋਂ ਬਾਅਦ) ਤੋਂ ਬਣਾਇਆ ਕੋਲੇ ਦਾ ਪਾਊਡਰ ਪਾਈਰੋਲਾਈਸਿਸ ਵਿਧੀ ਦੁਆਰਾ ਤਾਰ ਡਰੰਮ ਵਰਤ ਕੇ ਚਾਰ ਬਣਾਉਣ ਲਈ ਵਰਤਿਆ ਗਿਆ।

ਕਈ ਤਰ੍ਹਾ ਦੇ ਪਰੀਖਣ ਕੀਤੇ ਗਏ। (ਬਾਕਸ ਨੰ: 1 ਦੇਖੋ) 2×2×1.5 (ਲੰਬਾਈ×ਚੌੜਾਈ×ਡੂੰਘਾਈ) ਦੇ ਟੋਏ ਪੁੱਟੇ ਗਏ। ਟੋਏ ਪੁੱਟਣ ਤੋਂ ਬਾਅਦ, ਅੱਧੀ ਡੂੰਘਾਈ ਤੱਕ ਓਹਨਾਂ ਨੂੰ ਮਿੱਟੀ (ਮਿੱਟੀ ਦੀ ਉੱਪਰਲੀ ਪਰਤ) ਨਾਲ ਭਰਿਆ ਗਿਆ, ਫਿਰ 2 ਤੋਂ 3 ਇੰਚ ਤੱਕ ਖਾਦ ਭਰੀ ਗਈ। ਫਿਰ ਦੁਬਾਰਾ 2 ਇੰਚ ਤੱਕ ਮਿੱਟੀ ਪਾਈ ਗਈ। ਖਾਦ ਨੂੰ ਟੇਰਾ ਪਰੇਟਾ ਮਿੱਟੀ ਨਾਲ ਸੋਧਿਆ ਗਿਆ ਸੀ।

ਸਮੇਂ-ਸਮੇਂ ਤੇ ਪੌਦਿਆਂ ਨੂੰ ਹੱਥੀਂ ਪਾਣੀ ਦਿੱਤਾ ਗਿਆ। ਪੌਦਿਆਂ ਦੇ ਵਾਧੇ ਅਤੇ ਵਿਕਾਸ ਨੂੰ ਨੇੜਿਓਂ ਪਰਖਿਆ ਗਿਆ ਅਤੇ ਸ਼ੁਰੂਆਤੀ ਚਰਣਾਂ ਵਿੱਚ ਹੀ ਅੰਤਰ ਨੂੰ ਦੂਰ ਕਰਨ ਲਈ ਕੰਮ ਕੀਤਾ ਗਿਆ। ਆਰੰਭ ਵਿੱਚ, ਕੱਚੇ ਕੋਲੇ ਦੇ ਪਾਊਡਰ ਨੂੰ ਮਿੱਟੀ ਵਿੱਚ ਪਾਉਣ ਕਾਰਨ ਪਨੀਰੀ ਖਤਮ ਹੋ ਗਈ ਸੀ। ਬਾਅਦ ਵਿੱਚ, ਕੋਲੇ ਦੇ ਪਾਊਡਰ ਨੂੰ ਗੋਬਰ ਖਾਦ ਅਤੇ ਨਾ ਖਾਧੇ ਜਾਣ ਵਾਲੇ ਤੇਲਾਂ ਤੋਂ ਨਿਕਲਣ ਵਾਲੀ ਖਲ ਵਿੱਚ ਪਾਣੀ ਮਿਲਾ ਕੇ ਸੰਤ੍ਰਿਪਤ ਕੀਤਾ ਗਿਆ। ਮਿਸ਼ਰਣ ਨੂੰ ਸਮੇਂ-ਸਮੇਂ ਤੇ ਹਿਲਾਇਆ ਗਿਆ ਅਤੇ ਖਮੀਰਨ ਲਈ ਬੋਰੀ ਨਾਲ ਢਕ ਕੇ ਰੱਖਿਆ ਗਿਆ।

## ਝਾੜ ਅਤੇ ਵਾਢੀ

ਭਿੰਡੀ ਦੀ ਕੁੱਲ ਉਪਜ ਤਿੰਨ ਮਹੀਨੇ ਦੇ ਸਮੇਂ ਦੌਰਾਨ ਲਈ ਗਈ ਪ੍ਰੰਤੂ ਟਮਾਟਰ ਅਤੇ ਬੈਂਗਣ ਦੀ ਉਪਜ ਦੋ ਮਹੀਨੇ ਤੋਂ ਵੀਘੱਟ ਸਮੇਂ ਦੌਰਾਨ ਲਈ ਗਈ। ਕੋਲੇ ਆਧਾਰਿਤ ਉਪਚਾਰ ਵਿੱਚ, ਪੀਕ ਸੀਜ਼ਨ ਦੌਰਾਨ ਟਮਾਟਰ ਦਾ ਵੱਧ ਤੋਂ ਵੱਧ ਝਾੜ 4.70 ਕਿਲੋ ਰਿਹਾ ਅਤੇ ਕਟਾਈ ਦੇ ਅਖੀਰ ਵਿੱਚ 1.4 ਕਿਲੋ ਸੀ। ਭਿੰਡੀ ਦਾ ਦੂਸਰੀ ਕਟਾਈ ਦੌਰਾਨ ਝਾੜ ਵੱਧ ਸੀ ਅਤੇ ਉਸ ਤੋਂ ਬਾਅਦ ਹੌਲੀ-ਹੌਲੀ ਝਾੜ ਘਟਦਾ ਗਿਆ।

ਗੈਰ-ਕੋਲਾ ਮਿੱਟੀ ਸੰਸ਼ੋਧਨ ਵਿੱਚ, ਰਤਨਜੋਤ ਅਤੇ ਨਿੰਮ ਦੀ ਖਲ ਵਾਲੇ ਮਿਸ਼ਰਣ ਨੇ ਕ੍ਰਮਵਾਰ ਭਿੰਡੀ ਦਾ 1.32 ਕਿਲੋ ਅਤੇ ਟਮਾਟਰ ਦਾ 2.5 ਕਿਲੋ ਵੱਧ ਤੋਂ ਵੱਧ ਝਾੜ ਦਿੱਤਾ। ਰਤਨਜੋਤ ਦੀ ਖਲ ਵਾਲੇ ਸੰਸ਼ੋਧਨ ਨੇ ਬੈਂਗਣ ਦਾ ਵੱਧ ਤੋਂ ਵੱਧ ਝਾੜ 1.5 ਕਿਲੋ ਦਿੱਤਾ। ਕੰਟਰੋਲ ਪਲਾਟ ਵਿੱਚ ਭਿੰਡੀ, ਟਮਾਟਰ ਅਤੇ ਬੈਂਗਣ ਦਾ ਕ੍ਰਮਵਾਰ ਝਾੜ 338, 100 ਅਤੇ 55 ਗ੍ਰਾਮ ਸੀ।

ਜਿਵੇਂ ਕਿ ਉਮੀਦ ਸੀ, ਕੋਲੇ ਦੇ ਪਾਊਡਰ ਵਾਲੇ ਮਿੱਟੀ ਸੰਸ਼ੋਧਨ ਵਾਲੇ ਪਲਾਟ ਨੇ ਕੰਟਰੋਲ ਪਲਾਟ ਦੀ ਤੁਲਨਾ ਵਿੱਚ ਸਬਜੀਆਂ ਦਾ ਜ਼ਿਆਦਾ ਝਾੜ ਦਿੱਤਾ। ਕੋਲੇ ਦੇ ਪਾਊਡਰ ਨਾਲ ਸੰਸ਼ੋਧਿਤ ਮਿੱਟੀ ਵਿੱਚ ਪੋਸ਼ਕ ਤੱਤਾਂ ਨੂੰ ਧਾਰਨ ਕਰਨ ਦੀ ਸਮਰੱਥਾ ਵਧੀ।



**ਬਾਇਓਚਾਰ ਪਾਏ ਹੋਏ ਮੂੰਗਫਲੀ ਦੇ ਬੂਟਿਆਂ ਹੇਠਾਂ ਪ੍ਰਤੀ ਬੂਟਾ ਜ਼ਿਆਦਾ ਫਲੀਆਂ ਬਣੀਆਂ**

ਕੋਲੇ ਨੂੰ ਪਾਣੀ ਦੇ ਮਾਧਿਅਮ ਰਾਹੀ ਰਤਨਜੋਤ ਦੀ ਖਲ ਨਾਲ ਸੰਤ੍ਰਿਪਤ (ਸਿੰਜਣ) ਕਰਨ ਵਾਲੇ ਸੰਸ਼ੋਧਨ ਨੇ ਕਿਸੇ ਵੀ ਹੋਰ ਮਿੱਟੀ ਸੰਸ਼ੋਧਨ ਨਾਲੋਂ ਵਧੀਆ ਨਤੀਜੇ ਦਿੱਤੇ। ਇਸ ਦੇ ਉਲਟ, ਬਿਨਾ ਸੰਤ੍ਰਿਪਤ ਕੀਤਿਆਂ ਖਲ ਨੂੰ ਕੋਲੇ ਦੇ ਪਾਊਡਰ ਵਿੱਚ ਮਿਕਸ ਕਰਨ ਵਾਲੇ ਮਿਸ਼ਰਣ ਨੇ ਦਰਮਿਆਨੇ ਨਤੀਜੇ ਦਿੱਤੇ। ਪ੍ਰੰਤੂ ਕੁੱਝ ਸੰਸ਼ੋਧਨ ਜਿਵੇਂ ਕੋਲੇ ਅਤੇ ਖਲ ਦਾ ਮਿਸ਼ਰਣ ਨੇ ਖਾਸ ਕਰਕੇ ਟਮਾਟਰ ਅਤੇ ਬੈਂਗਣ ਦੇ ਮਾਮਲੇ ਵਿੱਚ ਘੱਟ ਜਾਂ ਬਿਲਕੁਲ ਹੀ ਨਤੀਜੇ ਨਹੀਂ ਦਿੱਤੇ। ਇਹ ਸ਼ਾਇਦ ਇਹਨਾਂ ਦੇ ਜ਼ਹਿਲਰੀਲੇ ਮਾਦੇ ਨੂੰ ਆਪਣੇ ਵਿੱਚ ਇਕੱਠਾ ਕਰਨ ਕਰਕੇ ਜਾਂ ਖਲ ਦੀ ਓਵਰ ਡੋਜ਼ ਦੇਣ ਕਰਕੇ ਹੋਇਆ।

ਇਸ ਤੋਂ ਬਾਅਦ, ਸੰਤ੍ਰਿਪਤ ਬਾਇਓਆਚਾਰ ਮਿੱਟੀ ਸੰਸ਼ੋਧਨ ਹੋਰ ਵੀ ਕਈ ਸਬਜੀਆਂ ਜਿਵੇਂ ਪਿਆਜ਼, ਮਿਰਚ, ਰਾਜ ਮਾਂਹ ਅਤੇ ਸੁਹੰਜਨਾ, ਤਿਲਹਨ ਜਿਵੇਂ ਮੂੰਗਫਲੀ ਅਤੇ ਫਲ ਜਿਵੇਂ ਚੀਕੂ ਅਤੇ ਆਂਵਲਾ ਅਤੇ ਚਮੇਲੀ ਦੇ ਪੌਦਿਆਂ ਉੱਪਰ ਇਸਤੇਮਾਲ ਕੀਤਾ ਗਿਆ। ਰਸਾਇਣਿਕ ਖਾਦਾਂ ਅਤੇ ਗੋਬਰ ਖਾਦ ਨਾਲ ਹੋਣ ਵਾਲੀ ਸਬਜੀਆਂ ਦੀ ਖੇਤੀ ਦੀ ਤੁਲਨਾ ਵਿੱਚ ਬਾਇਓਆਚਾਰ ਮਿੱਟੀ ਸੰਸ਼ੋਧਨ ਦੇ ਪ੍ਰਯੋਗ ਤੋਂ ਬਾਅਦ, ਸਾਰੀਆਂ ਪ੍ਰਜਾਤੀਆਂ ਵਿੱਚ ਵਾਧਾ ਅਤੇ ਵਿਕਾਸ ਹੋਇਆ, ਪੌਦਿਆਂ ਦੀ ਉਚਾਈ ਵਧੀ ਅਤੇ ਜ਼ਿਆਦਾ ਜੜ੍ਹਾਂ ਬਣੀਆਂ।

ਮੂੰਗਫਲੀ ਵਾਲੇ ਪ੍ਰਯੋਗ ਵਾਲੇ ਪਲਾਟ ਵਿੱਚ, ਮਿੱਟੀ ਦੀ ਸਰੰਚਨਾ ਵਿੱਚ ਵੀ ਬਦਲਾਅ ਦੇਖਿਆ ਗਿਆ ਅਤੇ ਬਾਇਓਆਚਾਰ ਸੰਸ਼ੋਧਨ ਵਾਲੀ ਮਿੱਟੀ ਵਿੱਚੋਂ ਗੈਰ ਬਾਇਓਆਚਾਰ ਸੰਸ਼ੋਧਨ ਵਾਲੀ ਮਿੱਟੀ ਦੀ ਤੁਲਨਾ ਵਿੱਚ ਮੂੰਗਫਲੀ ਕੱਢਣੀ ਆਸਾਨ ਰਹੀ। ਬਾਇਓਆਚਾਰ ਨੂੰ ਮਿੱਟੀ ਵਿੱਚ ਤਿੰਨ ਵਾਰੀ ਪਾਊਣ ਤੋਂ ਬਾਅਦ ਮਿੱਟੀ ਦੀ ਸਥਿਤੀ ਵਿੱਚ ਸੁਧਾਰ ਆਉਣ ਕਾਰਨ ਮੂੰਗਫਲੀ ਦੀਆਂ ਫਲੀਆਂ ਦੇ ਹੋਣ ਵਾਲੇ ਨੁਕਸਾਨ ਵਿੱਚ ਬਹੁਤ ਕਮੀ ਆਈ। ਇਹ ਮਿੱਟੀ ਦੀ ਘਣਤਾ ਦੇ ਘਟਣ ਕਾਰਨ ਅਤੇ ਮਿੱਟੀ ਦੇ ਪਾਣੀ ਨੂੰ ਪਕੜਨ ਦੀ ਸਮਰੱਥਾ ਵਿੱਚ ਸੁਧਾਰ ਆਉਣ ਕਰਕੇ ਹੋਇਆ ਹੋ ਸਕਦਾ ਹੈ। ਜਦ ਇਸਨੂੰ ਮਿੱਟੀ ਦੀ ਉਪਰਲੀ ਸਤ੍ਹਾ ਵਿੱਚ ਮਿਲਾਇਆ ਗਿਆ ਤਾਂ ਬਾਇਓਚਾਰ ਅਤੇ ਸਥਾਨਕ ਜੈਵਿਕ ਖਾਦ ਨੇ ਮਿੱਟੀ ਦੀ ਭੌਤਿਕ ਸਰੰਚਨਾ ਵਿੱਚ ਬਦਲਾਅ ਲਿਆਂਦਾ ਅਤੇ ਮਿੱਟੀ ਦੀਆਂ ਰਸਾਇਣਿਕ ਵਿਸ਼ੇਸ਼ਤਾਵਾਂ (ਪੀ ਐਚ, ਸੀ ਈ ਸੀ ਅਤੇ ਪੋਸ਼ਕ ਤੱਤਾਂ ਦੀ ਪੂਰਤੀ) ਵਿੱਚ ਸੋਧ ਕੀਤੀ ਅਤੇ ਇਹ ਅਸਰ ਤਿੰਨ ਫਸਲੀ ਚੱਕਰ ਤੱਕ ਰਿਹਾ।

ਬਾਇਓਚਾਰ ਵਾਲੇ ਪਿਆਜ਼ ਵਾਲੇ ਪਲਾਟ ਵਿੱਚ ਕੰਟਰੋਲ ਪਲਾਟ ਦੀ ਤੁਲਨਾ ਵਿੱਚ 25% ਝਾੜ ਵੱਧ ਨਿਕਲਿਆ। ਕੰਟਰੋਲ ਵਾਲੇ ਪਲਾਟਾਂ ਦੀ ਤੁਲਨਾ ਵਿੱਚ ਬਾਇਓਆਚਾਰ ਵਾਲੇ ਪਲਾਟਾਂ ਵਿੱਚੋਂ ਫਲੀਆਂ ਦਾ ਝਾੜ 30 ਤੋਂ 50 ਪ੍ਰਤੀਸ਼ਤ ਅਤੇ ਟਮਾਟਰ ਦਾ ਝਾੜ 30 ਤੋਂ 40 ਪ੍ਰਤੀਸ਼ਤ ਤੱਕ ਵਧਿਆ। ਇਸ ਤੋਂ ਇਲਾਵਾ ਕਿਸਾਨਾਂ ਨੇ ਦੱਸਿਆ ਕਿ ਚਮੇਲੀ ਦੇ ਫੁੱਲਾਂ ਦਾ ਆਕਾਰ ਅਤੇ ਭਾਰ ਵੀ ਵਧਿਆ ਹੈ।

## ਕਿਸਾਨਾਂ ਵੱਲੋਂ ਬਾਇਓਚਾਰ ਦਾ ਪ੍ਰਸਾਰ

ਨਤੀਜਿਆਂ ਦੇ ਆਧਾਰ 'ਤੇ, ਕਿਸਾਨਾਂ ਨੂੰ ਟ੍ਰਾਇਲ ਵਾਲੇ ਪਲਾਟਾਂ ਵਿੱਚ ਝਾੜ ਦਾ ਨਿਰੀਖਣ ਕਰਨ ਲਈ ਸੱਦਿਆ



**ਜ਼ਮੀਨ ਤਿਆਰ ਕਰਦਿਆਂ ਬਾਇਓਚਾਰ ਪਾਉਂਦੇ ਹੋਏ**

ਗਿਆ। ਕਿਉਂਕਿ ਅਰਧ-ਖੁਸ਼ਕ ਖੇਤਰਾਂ ਵਿੱਚ ਲਾਲ ਦੋਮਟ ਮਿੱਟੀ ਦੀ ਪਾਣੀ ਧਾਰਣ ਕਰਨ ਦੀ ਸਮਰੱਥਾ ਬੜੀ ਘੱਟ ਹੁੰਦੀ ਹੈ, ਕਿਸਾਨਾਂ ਨੂੰ ਖੁਦ ਕਾਲੀ ਅਤੇ ਲਾਲ ਮਿੱਟੀ ਦੀ ਪਾਣੀ ਧਾਰਨ ਕਰਨ ਦੀ ਸਮਰੱਥਾ ਦੀ ਤੁਲਨਾ ਕਰਨ ਲਈ ਕਿਹਾ ਗਿਆ। ਉਹ ਇਸ ਗੱਲ ਨੂੰ ਸਮਝਣ ਦੇ ਸਮਰੱਥ ਸਨ ਕਿ ਜੇਕਰ ਕੋਲੇ ਨੂੰ ਲਾਲ ਮਿੱਟੀ ਵਿੱਚ ਦਬਾਇਆ ਜਾਂਦਾ ਹੈ ਤਾਂ ਉਹ ਕਾਲੀ ਮਿੱਟੀ ਦੀ ਤਰ੍ਹਾਂ ਹੀ ਮਿੱਟੀ ਦੀ ਉੱਪਰਲੀ ਸਤ੍ਹਾ ਵਿੱਚ ਪਾਣੀ ਧਾਰਨ ਦਾ ਕੰਮ ਕਰੇਗਾ।

ਨਤੀਜੇ ਦੇਖਣ ਤੋਂ ਬਾਅਦ, ਉਹ ਆਪਣੀ ਜ਼ਮੀਨ ਉੱਪਰ ਟ੍ਰਾਇਲ ਕਰਨ ਲਈ ਤਿਆਰ ਹੋਏ। 10 ਪਿੰਡਾਂ ਦੇ 50 ਕਿਸਾਨਾਂ ਨੂੰ ਇਸ ਮਾਨਦੰਡ ਦੇ ਆਧਾਰ ਤੇ ਚੁਣਿਆ ਗਿਆ - ਪਰਿਵਾਰਿਕ ਕਿਸਾਨ, ਲਾਲ ਦੋਮਟ ਮਿੱਟੀ ਵਾਲੀ ਖੁਦ ਦੀ ਜ਼ਮੀਨ, ਸਿੰਚਾਈ ਦਾ ਪ੍ਰਬੰਧ, ਸਬਜੀਆਂ ਉਗਾਉਣ ਵਾਲੇ, ਜੈਵਿਕ ਤਰੀਕੇ ਨਾਲ ਖੇਤੀ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਅਤੇ ਉਸ ਖੇਤਰ ਦੇ ਨੇੜੇ ਰਹਿਣ ਵਾਲੇ ਜਿੱਥੇ ਕੋਲਾ ਉਪਲਬਧ ਹੋਵੇ। ਇਹਨਾਂ ਕਿਸਾਨਾਂ ਨੂੰ ਸਬਜੀਆਂ ਅਤੇ ਫੁੱਲਾਂ ਦੀ ਕਾਸ਼ਤ ਦੌਰਾਨ ਆਪਣੀਆਂ ਜ਼ਮੀਨਾਂ ਵਿੱਚ ਪਾਉਣ ਲਈ ਬਾਇਓਚਾਰ ਮਿੱਟੀ ਸੰਸ਼ੋਧਨ ਦੇ ਨਮੂਨੇ ਦਿੱਤੇ ਗਏ। ਇਹਨਾਂ 50 ਕਿਸਾਨਾਂ ਵਿੱਚੋਂ, 26 ਕਿਸਾਨਾਂ ਨੂੰ ਆਪਣੀ ਜ਼ਮੀਨ ਦੇ 2 ਵਰਗ ਮੀਟਰ ਟ੍ਰਾਇਲ ਪਲਾਟ ਵਿੱਚ ਪਾਉਣ ਦੇ ਲਈ 10 ਕਿਲੋ ਬਾਇਓਆਚਾਰ ਦਿੱਤਾ ਗਿਆ। ਇਹਨਾਂ 26 ਵਿੱਚੋਂ, 3 ਕਿਸਾਨ ਚਮੇਲੀ ਦੇ ਫੁੱਲਾਂ ਦੀ ਖੇਤੀ ਕਰਨ ਵਾਲੇ ਅਤੇ ਬਾਕੀ ਸਬਜੀਆਂ ਦੀ ਖੇਤੀ ਕਰਨ ਵਾਲੇ ਕਿਸਾਨ ਸਨ। ਇਹਨਾਂ ਨੂੰ ਆਪਣੇ ਖੇਤ ਵਿੱਚ ਬਾਇਓਆਚਾਰ ਪਾਉਣ ਤੋਂ ਬਾਅਦ ਬੜੇ ਵਧੀਆ ਨਤੀਜੇ ਮਿਲੇ।

## ਭਵਿੱਖ ਵਿੱਚ ਪ੍ਰਸਾਰ

ਜੇਕਰ ਪ੍ਰਗਤੀਸ਼ੀਲ ਜਾਂ ਨਵਾਂ ਸਿੱਖਣ ਦੀ ਚਾਹ ਰੱਖਣ ਵਾਲੇ ਕਿਸਾਨਾਂ ਨੂੰ ਹੋਰ ਫ਼ਸਲਾਂ ਵਿੱਚ ਬਾਇਓਚਾਰ ਨੂੰ ਪਾਉਣ ਲਈ ਪ੍ਰੋਤਸ਼ਾਹਿਤ ਕੀਤਾ ਜਾਵੇ ਅਤੇ ਉਹ ਇਸਦੇ ਨਤੀਜਿਆਂ ਨੂੰ ਹੋਰ ਕਿਸਾਨਾਂ ਨਾਲ ਸਾਂਝਾ ਕਰਨ, ਇਹ ਨਵੀਂ ਤਕਨੀਕ ਹੋਰ ਕਿਸਾਨਾਂ ਵਿਚਕਾਰ ਵੀ ਫੈਲ ਜਾਵੇਗੀ।

ਸ਼ੁਰੂਆਤ ਵਿੱਚ, ਪ੍ਰਯੋਗ ਵਾਲੇ ਪਲਾਟ ਦੇ ਨੇੜੇ ਵਾਲੇ ਮੂੰਗਫਲੀ ਉਗਾਉਣ ਵਾਲੇ ਇੱਕ ਕਿਸਾਨ ਨੂੰ ਮੂੰਗਫਲੀ ਦੀ ਖੜ੍ਹੀ ਫ਼ਸਲ ਵਿੱਚ ਬਾਇਓਆਚਾਰ ਮਿੱਟੀ ਸੰਸ਼ੋਧਨ ਪਾਉਣ ਲਈ ਦਿੱਤਾ ਗਿਆ। ਉਸਨੇ ਫੁੱਲ ਬਣਨ ਵੇਲੇ ਇਸ ਨੂੰ ਖੇਤ ਵਿੱਚ ਪਾਇਆ। ਵਾਢੀ ਤੋਂ ਬਾਅਦ, ਕਿਸਾਨ ਨੇ ਖੁਦ ਦੱਸਿਆ ਕਿ ਜਿੱਥੇ ਬਾਇਓਆਚਾਰ ਨਹੀਂ ਪਾਇਆ ਗਿਆ ਸੀ ਉਸ ਹਿੱਸੇ ਦੀ ਤੁਲਨਾ ਵਿੱਚ ਜਿੱਥੇ ਬਾਇਓਆਚਾਰ ਪਾਇਆ ਗਿਆ ਸੀ, ਉੱਥੇ ਫਲੀਆਂ ਦੀ ਗਿਣਤੀ ਜ਼ਿਆਦਾ ਸੀ। ਇੱਕ ਹੋਰ ਕਿਸਾਨ ਜੋ ਚਮੇਲੀ ਦੇ ਫੁੱਲਾਂ ਦੀ ਖੇਤੀ ਕਰਦਾ ਸੀ ਉਸਦੇ ਤਜ਼ਰਬੇ ਵੀ ਮੂੰਗਫਲੀ ਵਾਲੇ ਕਿਸਾਨ ਵਾਲੇ ਹੀ ਰਹੇ। ਚਮੇਲੀ ਦੇ ਫੁੱਲਾਂ ਦੀ ਖੇਤੀ ਕਰਨ ਵਾਲੇ ਕਿਸਾਨ ਨੇ ਦੇਖਿਆ ਕਿ ਜਿੱਥੇ ਬਾਇਓਆਚਾਰ ਪਾਇਆ ਗਿਆ ਉਥੇ ਕਲੀਆਂ ਦਾ ਆਕਾਰ ਵੱਡਾ ਸੀ ਅਤੇ ਆਖਰੀ ਪੜਾਅ ਦੌਰਾਨ, ਪਰਿਪੱਕ ਫੁੱਲਾਂ ਦਾ ਆਕਾਰ ਅਤੇ ਭਾਰ ਵੀ ਵਧ ਸੀ ਅਤੇ ਦੂਸਰੇ ਫੁੱਲਾਂ ਦੇ ਮੁਕਾਬਲੇ ਇਹਨਾਂ ਫੁੱਲਾਂ ਦੀ ਖੁਸ਼ਬੂ ਜ਼ਿਆਦਾ ਬਿਹਤਰ ਸੀ। ਇਹਨਾਂ ਦੋ ਕਾਰਕਾਂ ਤੋਂ ਪ੍ਰੇਰਿਤ ਹੋ ਕੇ ਕਿਸਾਨਾਂ ਨੇ ਇਸਨੂੰ ਆਪਣੀਆਂ ਦੂਸਰੀਆਂ ਫ਼ਸਲਾਂ ਵਿੱਚ ਵੀ ਪਾਉਣ ਦਾ ਫੈਸਲਾ ਕੀਤਾ।

ਹਾਲਾਂਕਿ, ਛੋਟੇ ਕਿਸਾਨਾਂ ਵੱਲੋਂ ਬਾਇਓਚਾਰ ਨਾਲ ਭੂਮੀ ਸੁਧਾਰ ਦਾ ਘੱਟ ਖਰਚੀਲਾ ਤਰੀਕਾ ਵੱਡੇ ਪੱਧਰ 'ਤੇ ਅਪਣਾਏ ਜਾਣ ਵਿੱਚ ਕੋਈ ਸ਼ੱਕ ਨਹੀਂ ਫਿਰ ਵੀ ਇਸ ਸੰਬੰਧ ਵਿੱਚ ਜੈਵਿਕ ਕਿਸਾਨ ਐਸੋਸੀਏਸ਼ਨ ਬਣਾਉਣ ਦੀ ਪ੍ਰਕ੍ਰਿਆ ਜਾਰੀ ਹੈ। ਮਿਲ ਕੇ ਸਿੱਖਣ ਦੀ ਪ੍ਰਕ੍ਰਿਆ ਜਿਵੇਂ ਕਿਸਾਨ ਖੇਤ ਸਕੂਲ ਨੂੰ ਬਾਇਓਆਚਾਰ ਦੇ ਪ੍ਰਯੋਗ ਨੂੰ ਉਤਸ਼ਾਹਿਤ ਕਰਨ ਲਈ ਵਰਤੇ ਜਾ ਰਹੇ ਹਨ।

## ਧੰਨਵਾਦ

ਅਸੀਂ ਬਾਇਓਚਾਰ ਦੇ ਫੀਲਡ ਟ੍ਰਾਇਲਾਂ ਲਈ ਵਿੱਤੀ ਸਹਾਇਤਾ ਅਤੇ ਪ੍ਰੋਤਸ਼ਾਹਨ ਦੇ ਲਈ ਸੀਮੇਨਪ੍ਰ ਫਾਊਂਡੇਸ਼ਨ, ਨਾਰਵੇ ਦੇ ਧੰਨਵਾਦੀ ਹਾਂ। ਇਸਦੇ ਨਾਲ ਹੀ, ਸਥਾਨਕ ਕਿਸਾਨਾਂ ਦੇ ਅਸੀਂ ਖਾਸ ਤੌਰ 'ਤੇ ਧੰਨਵਾਦੀ ਹਾਂ ਜਿੰਨਾਂ ਨੇ ਆਪਣੇ ਖੇਤਾਂ ਵਿੱਚ ਇਹ ਫੀਲਡ ਟ੍ਰਾਇਲਾਂ ਕਰਨ ਲਈ ਸਹਿਯੋਗ ਦਿੱਤਾ।

**ਜੇ ਇਲਾਂਗੋ ਅਤੇ ਵੀ.ਐੱਮ. ਕਰੁਨਾਗਾਰਨ**
ਆਰਗਨਾਈਜੇਸ਼ਨ ਆਫ ਡਿਵਲਪਮੈਂਟ ਐਕਸ਼ਨ
ਅਤੇ ਮੈਨਟੇਨਸ (ODAM)
ਵੀਰੁਧੁਨਗਰ, ਜ਼ਿਲ੍ਹਾ- ਤਿਰੁਚੁਲੀ (626729) ਤਾਮਿਲਨਾਡੂ
E-mail: odamelango@gmail.com;
: karunagaranvm@gmail.com

**Biochar for Healthy Soil**
**LEISA INDIA, Vol-17, No. 1, March 2015.**

# ਵਿਦਰਭ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਹਾਲ ਕਰਨਾ

ਪ੍ਰੀਤੀ ਜੋਸ਼ੀ

ਵਿਦਰਭ, ਜੋ ਕਿ ਜ਼ਿਆਦਾਤਰ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਲਈ ਜਾਣਿਆ ਜਾਂਦਾ ਹੈ, ਵਿੱਚ ਖੁਸ਼ਕਿਸਮਤੀ ਨਾਲ ਕੁੱਝ ਅਜਿਹੇ ਕਿਸਾਨ ਹਨ ਜਿੰਨਾਂ ਨੇ ਜੈਵਿਕ ਤਰੀਕਿਆਂ ਰਾਹੀ ਆਪਣੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਹਾਲ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਸੁਭਾਸ਼ ਸ਼ਰਮਾ ਜੀ ਅਜਿਹੇ ਹੀ ਇੱਕ ਕਿਸਾਨ ਹਨ।

ਹੈਰਾਨਗੀ ਦੀ ਗੱਲ ਹੈ ਕਿ ਜਿੰਦਗੀ ਅਤੇ ਭੋਜਨ ਦਾ ਸ੍ਰੋਤ ਹੋਣ ਦੇ ਬਾਵਜ਼ੂਦ ਮਿੱਟੀ ਨੂੰ ਪੂਰੀ ਤਰ੍ਹਾਂ ਨਹੀ ਸਮਝਿਆ ਗਿਆ ਹੈ। ਮਹਾਰਾਸ਼ਟਰ ਦੇ ਵਿਦਰਭ ਖੇਤਰ ਵਿੱਚ, ਬਹੁਤ ਸਾਰੇ ਕਿਸਾਨ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੇ ਬਹੁਤ ਜ਼ਿਆਦਾ ਵਰਤਣ ਕਰਕੇ ਮਿੱਟੀ ਦੀ ਉਪਜਾਊ ਸ਼ਕਤੀ ਦੇ ਘਟਣ ਕਾਰਨ ਖੇਤੀ ਵਿੱਚ ਕਈ ਵਾਰ ਨੁਕਸਾਨ ਉਠਾ ਚੁੱਕੇ ਹਨ। ਵਿਦਰਭ, ਜੋ ਕਿ ਜ਼ਿਆਦਾਤਰ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਲਈ ਜਾਣਿਆ ਜਾਂਦਾ ਹੈ, ਵਿੱਚ ਖੁਸ਼ਕਿਸਮਤੀ ਨਾਲ ਕੁੱਝ ਅਜਿਹੇ ਕਿਸਾਨ ਹਨ ਜਿੰਨਾਂ ਨੇ ਜੈਵਿਕ ਤਰੀਕਿਆਂ ਰਾਹੀ ਆਪਣੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਬਹਾਲ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਸੁਭਾਸ਼ ਸ਼ਰਮਾ ਜੀ ਅਜਿਹੇ ਹੀ ਇੱਕ ਕਿਸਾਨ ਹਨ।

ਸੁਭਾਸ਼ ਸ਼ਰਮਾ, ਵਿਦਰਭ ਖੇਤਰ ਦੇ ਯਵਤਮਾਲ ਜਿਲ੍ਹੇ ਦੇ ਰਹਿਣ ਵਾਲੇ ਜੈਵਿਕ ਕਿਸਾਨ, ਨੇ 1975 ਵਿੱਚ ਰਸਾਇਣਿਕ ਤਰੀਕਿਆਂ ਨਾਲ ਖੇਤੀ ਸ਼ੁਰੂ ਕੀਤੀ। ਸ਼ੁਰੂਆਤ ਵਿੱਚ ਓਹਨਾਂ ਨੇ ਵਧੀਆ ਝਾੜ ਪ੍ਰਾਪਤ ਕੀਤਾ, ਪ੍ਰੰਤੂ 1986 ਤੋਂ ਬਾਅਦ ਮਿੱਟੀ ਦੀ ਉਪਜਾਊ ਸ਼ਕਤੀ ਤੇਜ਼ੀ ਨਾਲ ਘਟੀ ਅਤੇ ਓਹਨਾਂ ਨੂੰ ਬਹੁਤ ਘਾਟਾ ਹੋਇਆ। ਸੰਨ 1996 ਵਿੱਚ, ਓਹਨਾਂ ਨੇ ਬੀਜਾਂ, ਮਿੱਟੀ, ਪਾਣੀ, ਫ਼ਸਲ ਪ੍ਰਣਾਲੀ ਅਤੇ ਕਿਰਤ ਪ੍ਰਬੰਧਨ ਆਦਿ ਉੱਪਰ ਧਿਆਨ ਕੇਂਦ੍ਰਿਤ ਕਰਕੇ ਕੁਦਰਤੀ ਖੇਤੀ ਸ਼ੁਰੂ ਕੀਤੀ। ਓਹਨਾਂ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਗਊਆਂ, ਰੁੱਖ, ਪੰਛੀ ਅਤੇ ਬਨਸਪਤੀ ਚਾਰ ਮੁੱਖ ਕਾਰਕ ਹਨ ਜੋ ਖੇਤੀ ਨੂੰ ਟਿਕਾਊ ਬਣਾਉਂਦੇ ਹਨ। ਸ਼ਰਮਾ ਜੀ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਕੁੱਝ ਤਕਨੀਕਾਂ ਦਾ ਇਸਤੇਮਾਲ ਕਰ ਰਹੇ ਹਨ ਜਿੰਨਾਂ ਦੇ ਨਤੀਜੇ ਵਜੋਂ ਉਤਪਾਦਕਤਾ ਵਧੀ ਹੈ।

## ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਾਲੇ ਤਰੀਕੇ

ਅਲੌਕਿਕ ਖਾਦ ਦਾ ਇਸਤੇਮਾਲ – ਸ਼ਰਮਾ ਜੀ ਦਾ ਕਹਿਣਾ ਹੈ ਕਿ ਇੱਕ ਗਊ 3 ਏਕੜ ਜ਼ਮੀਨ ਦੀ ਖਾਦ ਦੀ ਮੰਗ ਨੂੰ ਪੂਰਾ ਕਰ ਸਕਦੀ ਹੈ। ਸ਼ਰਮਾ ਜੀ ਨੇ ਗੋਬਰ ਦੀ 3 ਟਨ ਖਾਦ ਵਿੱਚ 8 ਕੁਇੰਟਲ ਤਲਾਬ ਦੀ ਮਿੱਟੀ ਜਾਂ ਰੁੱਖ ਦੇ ਹੇਠਾਂ ਦੀ ਮਿੱਟੀ ਮਿਲਾ ਕੇ ਅਲੌਕਿਕ ਖਾਦ ਤਿਆਰ ਕਰਦੇ ਹਨ। ਰੁੱਖ ਦੇ ਹੇਠਾਂ ਦੀ ਮਿੱਟੀ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਇਹ ਪੱਤਿਆਂ ਅਤੇ ਪੰਛੀਆਂ ਦੀਆਂ ਬਿੱਠਾਂ ਦੇ ਸੜਨ ਕਰਕੇ ਸੂਖ਼ਮ ਬਨਸਪਤੀ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀ ਹੈ। ਇਸ ਮਿਸ਼ਰਣ ਵਿੱਚ, 100 ਕਿਲੋ ਅਰਹਰ, ਤੂੜੀ (ਦਾਲਾਂ ਦੀ ਪ੍ਰੋਸੈਸਿੰਗ ਵਾਲੀ ਫੈਕਟਰੀ ਵਿੱਚੋਂ ਨਿਕਲੀ ਰਹਿੰਦ-ਖੂੰਹਦ) ਅਤੇ ਦੋ ਲਿਟਰ ਮੂੰਗਫਲੀ ਦਾ ਤੇਲ ਪਾਉਂਦੇ



**ਸੁਭਾਸ਼ ਸ਼ਰਮਾ ਜੀ ਆਪਣੇ ਹਰੇ-ਭਰੇ ਖੇਤ ਵਿੱਚ**

ਹਨ ਅਤੇ ਚੰਗੀ ਤਰ੍ਹਾਂ ਮਿਕਸ ਕਰਦੇ ਹਨ। ਇਸ ਵਿੱਚ ਉਹ 25 ਕਿਲੋ ਗੁੜ ਨੂੰ ਘੋਲ ਕੇ ਬਣਾਇਆ ਮਿਸ਼ਰਣ ਵੀ ਮਿਲਾਉਂਦੇ ਹਨ।

ਮਿਸ਼ਰਣ ਨੂੰ ਪਾਣੀ ਵਿੱਚ ਚੰਗੀ ਤਰ੍ਹਾ ਭਿਉਂ ਦਿੱਤਾ ਜਾਂਦਾ ਹੈ ਅਤੇ ਉਸਦਾ 2 ਮਹੀਨੇ ਲਈ ਢੇਰ ਲਗਾ ਦਿੱਤਾ ਜਾਂਦਾ ਹੈ। ਇੱਕ ਮਹੀਨੇ ਬਾਅਦ ਢੇਰ ਨੂੰ ਉੱਪਰ ਥੱਲੇ ਪਲਟਿਆ ਜਾਂਦਾ ਹੈ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਭਿਉਂ ਦਿੱਤਾ ਜਾਂਦਾ ਹੈ। ਇੱਕ ਮਹੀਨੇ ਬਾਅਦ ਕੰਪੋਸਟ ਚੰਗੀ ਤਰ੍ਹਾਂ ਤਿਆਰ ਹੋ ਜਾਂਦੀ ਹੈ। ਮੁੱਠੀ ਭਰ ਖਾਦ ਹਰ ਪੌਦੇ ਦੀ ਜੜ੍ਹ ਵਿੱਚ ਪਾਈ ਜਾ ਸਕਦੀ ਹੈ ਜਾਂ ਬੀਜ ਡਰਿੱਲ ਦੇ ਨਾਲ ਬੀਜਾਂ ਦੇ ਨਾਲ ਹੀ ਪਾਈ ਜਾ ਸਕਦੀ ਹੈ। ਮਿੱਟੀ ਵਿੱਚ ਸੂਖ਼ਮ ਬਨਸਪਤੀ ਨਾਲ ਜੈਵਿਕ ਮਾਦਾ ਅਤੇ ਸੂਖ਼ਮ ਜੀਵਾਂ ਦੀਆਂ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਲਈ ਦਾਲ ਦੇ ਆਟੇ ਅਤੇ ਗੁੜ ਦਾ ਮਿਸ਼ਰਣ ਪ੍ਰੋਟੀਨ ਅਤੇ ਮਿੱਠਾ ਪ੍ਰਦਾਨ ਕਰਦਾ ਹੈ।

ਉਹਨਾਂ ਦੀ ਦੂਸਰੀ ਫਰਟੀਲਾਈਜੇਸ਼ਨ ਤਕਨੀਕ **ਗੋ-ਸੰਜੀਵਕ** ਹੈ, ਜੋ ਕਿ ਇੱਕ ਤਰਲ ਖਾਦ ਹੈ। ਇਹ ਸਰਦੀ ਦੇ ਮੌਸਮ ਵਿੱਚ ਪਾਣੀ ਦੇ ਨਾਲ ਦਿੱਤੀ ਜਾ ਸਕਦੀ ਹੈ। ਇਹ ਗਾਂ ਦੇ 10 ਕਿਲੋ ਤਾਜ਼ਾ ਗੋਬਰ ਵਿੱਚ 10 ਲਿਟਰ ਗਊ-ਮੂਤਰ, 1 ਕਿਲੋ ਦਾਲ ਦਾ ਆਟਾ ਅਤੇ 500 ਗ੍ਰਾਮ ਗੁੜ ਮਿਲਾ ਕੇ ਬਣਾਇਆ ਜਾਂਦਾ ਹੈ।

ਮਿਸ਼ਰਣ ਨੂੰ 50 ਲਿਟਰ ਪਾਣੀ ਪਾ ਕੇ 8-10 ਦਿਨਾਂ ਤੱਕ ਖਮੀਰਣ ਲਈ ਰੱਖਿਆ ਜਾਂਦਾ ਹੈ। ਜਦੋਂ ਇਹ ਤਿਆਰ ਹੋ ਜਾਂਦਾ ਹੈ ਤਾਂ ਇਸ ਨੂੰ ਫ਼ਸਲ ਨੂੰ ਦੇਣ ਤੋਂ ਪਹਿਲਾਂ 200 ਲਿਟਰ ਪਾਣੀ ਮਿਲਾ ਕੇ ਪਤਲਾ ਕੀਤਾ ਜਾਂਦਾ ਹੈ । ਇਸ ਨੂੰ ਫ਼ਸਲ ਨੂੰ ਪਾਣੀ ਦੇਣ ਵੇਲੇ ਉਸਦੇ ਨਾਲ ਹੀ ਦਿੱਤਾ ਜਾਂਦਾ ਹੈ। ਇਹ ਮਿਸ਼ਰਣ ਇੱਕ ਕਿੱਲੇ ਲਈ ਕਾਫ਼ੀ ਹੈ। ਮਿੱਟੀ ਵਿੱਚ

ਸੂਖ਼ਮ ਜੀਵਾਂ ਦੀ ਵਧੀ ਹੋਈ ਗਤੀਵਿਧੀ ਮਿੱਟੀ ਦੇ ਕਾਇਆਕਲਪ ਵਿੱਚ ਮੱਦਦ ਕਰਦੀ ਹੈ ਜਦਕਿ ਪੌਦਿਆਂ ਨੂੰ ਜਰੂਰੀ ਪੋਸ਼ਕ ਤੱਤ ਪਾਣੀ ਵਿੱਚ ਘੁਲਣਸ਼ੀਲ ਰੂਪ ਵਿੱਚ ਮੁਹੱਈਆ ਕਰਵਾਉਂਦੀ ਹੈ। ਸ਼ਰਮਾ ਜੀ ਦੇ ਖੇਤ ਦੀ ਇੱਕ ਮੁੱਠੀ ਵਿੱਚ ਤੁਸੀਂ ਅਨੇਕਾਂ ਗੰਡੋਏ ਦੇਖ ਸਕਦੇ ਹੋ।

**ਹਰੀ ਖਾਦ:** ਸ਼ਰਮਾ ਜੀ ਨੇ ਆਪਣੀ ਜ਼ਮੀਨ ਉੱਪਰ ਅਰਹਰ ਨੂੰ ਪਹਿਲੀ ਫ਼ਸਲ ਦੇ ਤੌਰ 'ਤੇ ਬੀਜਿਆ। ਅਰਹਰ ਦੀਆਂ ਲਾਈਨਾਂ ਦੌਰਾਨ ਉਹਨਾਂ ਨੇ ਹਰੀ ਖਾਦ ਦਾ ਮਿਸ਼ਰਣ ਬੀਜਿਆ। ਹਰੀ ਖਾਦ ਲਈ ਬੀਜਾਂ ਦਾ ਸੰਯੋਜਨ ਇਸ ਪ੍ਰਕਾਰ ਸੀ:

**1.** ਦੋ ਦਲੇ ਬੀਜ ਜਿਵੇਂ ਮੂੰਗੀ/ਕਾਲੇ ਛੋਲੇ (2 ਕਿਲੋ), ਫਲੀਆਂ (2 ਕਿਲੋ), ਅਰਹਰ (2 ਕਿਲੋ) ਸਭ ਬਰਾਬਰ ਅਨੁਪਾਤ ਵਿੱਚ ਲਉ।

**2.** ਇੱਕ ਦਲੇ ਬੀਜ ਜਿਵੇਂ ਬਾਜਰਾ (500 ਗ੍ਰਾਮ), ਜਵਾਰ (500 ਗ੍ਰਾਮ) ਅਤੇ ਮੱਕੀ (3 ਕਿਲੋ)

**3.** ਤੇਲ ਵਾਲੀਆਂ ਫ਼ਸਲਾਂ ਜਿਵੇਂ ਤਿਲ (100 ਗ੍ਰਾਮ), ਸੋਇਆਬੀਨ ਜਾਂ ਮੂੰਗਫਲੀ ਜਾਂ ਸੂਰਜਮੁਖੀ (900 ਗ੍ਰਾਮ)

ਇਹ ਸਭ ਤਰ੍ਹਾਂ ਦੇ ਬੀਜ ਚੰਗੀ ਤਰ੍ਹਾਂ ਮਿਲਾਏ ਅਤੇ ਬਾਰਿਸ਼ ਦੇ ਮੌਸਮ ਵਿੱਚ ਅਰਹਰ ਦੀਆਂ ਲਾਈਨਾਂ ਵਿਚਕਾਰ ਬੀਜੇ ਗਏ। 50-55 ਦਿਨਾਂ ਦੇ ਹੋਣ ਤੋਂ ਬਾਅਦ, ਇਹਨਾਂ ਨੂੰ ਕੱਟ ਕੇ ਅਰਹਰ ਦੀਆਂ ਲਾਈਨਾਂ ਵਿਚਕਾਰ ਮਲਚਿੰਗ ਦੇ ਰੂਪ ਵਿੱਚ ਫੈਲਾਇਆ ਗਿਆ। ਇੱਕ-ਦੋ ਮਹੀਨੇ ਬਾਅਦ ਜਦ ਇਹ ਹਰੀ ਖਾਦ ਅੱਧੀ ਸੜ ਜਾਂਦੀ ਹੈ ਤਾਂ ਇਸ ਨੂੰ ਕਲਟੀਵੇਟਰ ਦੀ ਮੱਦਦ ਨਾਲ ਇਸ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਜਾਂਦਾ ਹੈ। ਇਹ ਨਾ ਸਿਰਫ਼ ਮਿੱਟੀ ਨੂੰ ਜੈਵਿਕ ਮਾਦਾ ਪ੍ਰਦਾਨ ਕਰਦਾ ਹੈ ਬਲਕਿ ਨਦੀਨਾਂ ਨੂੰ ਵੀ ਉੱਗਣ ਤੋਂ ਰੋਕਦਾ ਹੈ ਅਤੇ ਮਿੱਟੀ ਵਿੱਚ ਲੰਬੇ ਸਮੇਂ ਤੱਕ ਨਮੀ ਨੂੰ ਬਣਾਏ ਰੱਖਦਾ ਹੈ।

ਸ਼ਰਮਾ ਜੀ ਆਪਣੇ ਖੇਤ ਵਿੱਚ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਫਲੀਦਾਰ ਫ਼ਸਲਾਂ ਵਾਲਾ ਫ਼ਸਲ ਚੱਕਰ ਵਰਤਦੇ ਹਨ। ਉਹ ਸੀਜ਼ਨ ਦੀ ਪਹਿਲੀ ਫ਼ਸਲ ਦੇ ਰੂਪ ਵਿੱਚ ਫਲੀਦਾਰ ਫ਼ਸਲ (ਜਿਵੇਂ ਚੌਲੇ/ਲੋਬੀਆ) ਆਦਿ ਬੀਜਦੇ ਹਨ। ਇਹਨਾਂ ਪੌਦਿਆਂ ਤੋਂ ਜੋ ਪੱਤੇ ਡਿੱਗਦੇ ਹਨ ਉਹ ਮਿੱਟੀ ਵਿੱਚ ਜੈਵਿਕ ਮਾਦਾ ਵਧਾਉਂਦੇ ਹਨ ਅਤੇ ਜੜ੍ਹਾਂ ਵਿੱਚ ਮੌਜੂਦ ਬੈਕਟੀਰੀਆ ਮਿੱਟੀ ਨੂੰ ਨਾਈਟ੍ਰੋਜਨ ਪ੍ਰਦਾਨ ਕਰਦੇ ਹਨ। ਉਹਨਾਂ ਦਾ ਜ਼ਮੀਨ ਦੇ ਉਸ ਭਾਗ ਦੇ ਉੱਪਰ ਫ਼ਸਲ ਚੱਕਰ ਦਾ ਪੈਟਰਨ ਇਸ ਤਰਾਂ ਹੈ:

(1) ਚੌਲੇ - ਜੂਨ ਤੋਂ ਸਤੰਬਰ

(2) ਮੇਥੇ/ਪਾਲਕ/ਹਰਾ ਪਿਆਜ਼ - ਅਕਤੂਬਰ ਤੋਂ ਨਵੰਬਰ

(3) ਕਣਕ - ਨਵੰਬਰ ਤੋਂ ਮਾਰਚ

(4) ਪੇਠਾ - ਅਪ੍ਰੈਲ ਤੋਂ ਜੂਨ

ਉਹ ਹਰ ਸਾਲ ਇੱਕ ਜਾਂ ਦੋ ਏਕੜ ਵਿੱਚ ਅਰਹਰ ਦੀ ਦਾਲ ਬੀਜਦੇ ਹਨ ਅਤੇ ਉਹਨਾਂ ਦਾ ਕਹਿਣਾ ਹੈ ਕਿ ਇਹ ਫ਼ਸਲ ਆਪਣੇ ਪੱਤੇ ਸੁੱਟ ਕੇ ਜ਼ਮੀਨ ਨੂੰ ਢਕਣ ਲਈ 1-2 ਇੰਚ ਤੱਕ ਬਾਇਓਮਾਸ ਪ੍ਰਦਾਨ ਕਰਦੀ ਹੈ ਜਿਸ ਨਾਲ ਜਮੀਨ ਵਿੱਚ ਜੈਵਿਕ ਮਾਦੇ ਦਾ ਵਾਧਾ ਹੁੰਦਾ ਹੈ। ਉਹ ਧਨੀਏ ਨੂੰ ਅਜਿਹੀ ਫ਼ਸਲ ਮੰਨਦੇ ਹਨ ਜੋ ਕਿ ਓਹਨਾਂ ਦੇ ਖੇਤ ਦਾ ਪਰਿਸਥਿਤਕੀ ਸੰਤੁਲਨ ਬਣਾ ਕੇ ਰੱਖਦੀ ਹੈ। ਧਨੀਏ ਦੇ ਤਾਜ਼ੇ ਹਰੇ ਪੱਤਿਆਂ ਦੀ ਖੁਸ਼ਬੂ ਕੀੜਿਆਂ ਨੂੰ ਦੂਰ ਰੱਖਣ ਵਿਚ ਮੱਦਦ ਕਰਦੀ ਹੈ। ਦੂਸਰਾ, ਧਨੀਏ ਦੇ ਚਿੱਟੇ ਫੁੱਲ ਸ਼ਹਿਦ ਦੀਆਂ ਮੱਖੀਆਂ ਨੂੰ ਖੇਤ ਵਿੱਚ ਬੁਲਾਉਂਦੇ ਹਨ ਜੋ ਕਿ ਪਰ ਪਰਾਗਣ ਵਿੱਚ ਅਤੇ ਵਧੀਆ ਬੀਜਾਂ ਦੇ ਵਿਕਾਸ ਵਿੱਚ ਮੱਦਦ ਕਰਦੀਆਂ ਹਨ।

**ਟੇਬਲ ਨੰ: 1 - ਵਿਭਿੰਨ ਫ਼ਸਲਾਂ ਦਾ ਝਾੜ ਅਤੇ ਆਮਦਨ**

| ਫ਼ਸਲ | ਪ੍ਰਤੀ ਏਕੜ ਉਤਪਾਦਨ | ਕੀਮਤ (ਰੁਪਏ ਵਿੱਚ) | ਅਨੁਮਾਨਿਤ ਆਮਦਨੀ ਵਿੱਚ | ਖਰਚ |
|---|---|---|---|---|
| ਚੌਲੇ | 30 ਕੁਇੰਟਲ | 30/ਕਿਲੋ | 90,000 | 25% |
| ਹਰਾ ਪਿਆਜ਼ | 150 ਕੁਇੰਟਲ | 10/ਕਿਲੋ | 1.5 ਲੱਖ | 40% |
| ਮੇਥੀ | 30 ਕੁਇੰਟਲ | 10-20/ਕਿਲੋ | 60,000 | 30% |
| ਪਾਲਕ | 30 ਕੁਇੰਟਲ | 20-30/ਕਿਲੋ | 75,000 | 25% |
| ਹਰਾ ਧਨੀਆ | 60 ਕੁਇੰਟਲ | 10/ਕਿਲੋ | 60,000 | 30% |
| ਧਨੀਏ ਦਾ ਬੀਜ | 4 ਕੁਇੰਟਲ | 150/ਕਿਲੋ ਬੀਜ਼ | 60,000 | 10% |
| ਕਣਕ | 14-15 ਕੁਇੰਟਲ | 40/ਕਿਲੋ | 60,000 | 30% |
| ਛੋਲੇ | 10 ਕੁਇੰਟਲ | 3500/ਕੁਇੰਟਲ | 35,000 | 10% |
| ਪੇਠਾ | 10 ਟਨ/ਏਕੜ | 15/ਕਿਲੋ | 1.5 ਲੱਖ | 20% |

ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਵਾਲੀਆਂ ਤਕਨੀਕਾਂ ਤੋਂ ਇਲਾਵਾ, ਸ਼ਰਮਾ ਜੀ ਹੋਰ ਵੀ ਕਈ ਤਕਨੀਕਾਂ ਵਰਤਦੇ ਹਨ ਜੋ ਓਹਨਾਂ ਦੀ ਖੇਤੀ ਨੂੰ ਹੋਰ ਟਿਕਾਊ ਬਣਾਉਂਦੀਆਂ ਹਨ। ਉਦਾਹਰਣ ਲਈ, ਉਹ ਮਿੱਟੀ ਦੇ ਕਟਾਅ ਨੂੰ ਰੋਕਣ ਲਈ ਅਤੇ ਨਮੀ ਬਣਾ ਕੇ ਰੱਖਣ ਲਈ ਬਿਜਾਈ ਦੀ ਕੰਟੂਰ ਵਿਧੀ ਦੀ ਪਾਲਣਾ ਕਰਦੇ ਹਨ; ਜਲ ਸਰੰਖਿਅਣ ਲਈ ਖੇਤ ਵਿੱਚ ਖਾਈਆਂ ਬਣਾਈਆਂ ਹਨ, ਕੀਟ ਕੰਟਰੋਲ ਲਈ ਗੇਂਦੇ ਅਤੇ ਧਨੀਏ ਜਿਹੀਆਂ ਫ਼ਸਲਾਂ ਉਗਾਉਂਦੇ ਹਨ, ਖੇਤ ਦੇ ਚਾਰੇ ਪਾਸੇ ਰੁੱਖ ਲਗਾਏ ਹਨ ਜੋ ਕਿ ਵਿੰਡ ਬ੍ਰੇਕਰ ਦਾ ਕੰਮ ਕਰਦੇ ਹਨ ਅਤੇ ਮਿੱਟੀ ਦੇ ਕਟਾਅ ਨੂੰ ਵੀ ਰੋਕਦੇ ਹਨ।

ਓਹਨਾਂ ਦੇ 13 ਏਕੜ ਖੇਤ ਦੀ ਟਰਨਓਵਰ ਲਗਭਗ 18-20 ਲੱਖ ਰੁਪਏ ਹੈ ਜਿਸ ਵਿੱਚੋਂ ਉਹ 50 ਫ਼ੀਸਦੀ ਨੂੰ ਲਾਭ ਮੰਨਦੇ ਹਨ।

## ਸਿੱਟਾ

ਅੱਜ ਵਿਸ਼ਵੀਕਰਨ ਖੇਤੀ ਦੇ ਦੌਰ ਵਿੱਚ, ਜਿੱਥੇ ਰਸਾਇਣਿਕ ਖੇਤੀ ਵੱਡੇ ਪੱਧਰ ਤੇ ਫੈਲੀ ਹੋਈ ਹੈ, ਸੁਭਾਸ਼ ਸ਼ਰਮਾ ਜੀ ਵਰਗੇ ਕਿਸਾਨ ਕਈਆਂ ਲਈ ਪ੍ਰੇਰਣਾ ਸ੍ਰੋਤ ਹਨ। ਮਿੱਟੀ ਦੀ ਪ੍ਰਕ੍ਰਿਤੀ ਨੂੰ ਸਮਝਣ ਵਾਲੇ ਇਸ ਤਰ੍ਹਾਂ ਦੇ ਅਨੁਭਵੀ ਕਿਸਾਨ ਦੁਨੀਆ ਨੂੰ ਦਿਖਾ ਰਹੇ ਹਨ ਕਿ ਖੇਤੀ-ਪਰਿਸਥਿਤਕੀ ਆਧਾਰਿਤ ਤਕਨੀਕਾਂ ਹੀ ਮਿੱਟੀ ਦੀ ਸਿਹਤ ਸੁਧਾਰਨ ਅਤੇ ਖੇਤੀ ਨੂੰ ਟਿਕਾਊ ਬਣਾਉਣ ਦਾ ਇੱਕੋ-ਇੱਕ ਰਸਤਾ ਹਨ।

**ਪ੍ਰੀਤੀ ਜੋਸ਼ੀ**
ਨਿਰਦੇਸ਼ਕ, ਨੈਸ਼ਨਲ ਆਰਗਨਾਈਜੇਸ਼ਨ ਫਾਰ ਕਮਿਊਨਿਟੀ ਵੈਲਫੇਅਰ 2, ਜਜੋਦੀਆ ਲੇਆਊਟ, ਸ਼੍ਰੀਨਿਵਾਸ ਕਾਲੋਨੀ
ਵਰਧਾ, ਮਹਾਂਰਾਸ਼ਟਰ-442001
ਈਮੇਲ: Priti1266@gmail.com

**Revival of soil fertility in Vidarbha region**
**LEISA INDIA, Vol-17, No. 1, March 2015.**

# ਗ੍ਰਾਮੀਣ ਰੀਆਲਿਟੀ ਸ਼ੋਅ

## ਚੰਗੇ ਅਮਲ ਨੂੰ ਫੈਲਾਉਣ ਦਾ ਇੱਕ ਨਵਾਂ ਤਰੀਕਾ

ਸ਼ਵੇਤਾ ਪਰਜਾਪਤੀ ਅਤੇ ਗਜਾਲਾ ਸ਼ੇਖ



**ਪ੍ਰਕਾਸ਼ ਕੁਸ਼ਵਾਹਾ ਕ੍ਰਿਸ਼ੀ ਵਿਗਿਆਨ ਕੇਂਦਰ ਵਿਖੇ ਅੰਮ੍ਰਿਤ ਮਿੱਟੀ ਬਣਾ ਕੇ ਦਿਖਾਉਂਦੇ ਹੋਏ**

ਖੇਤੀਬਾੜੀ ਵਿੱਚ ਚੰਗੀਆਂ ਤਕਨੀਕਾਂ ਨੂੰ ਵੱਡੇ ਪੱਧਰ 'ਤੇ ਫੈਲਾਉਣਾ ਹਮੇਸ਼ਾ ਹੀ ਇੱਕ ਚੁਣੌਤੀ ਰਹੀ ਹੈ। ਹਾਲਾਂਕਿ, ਭਾਰਤ ਦੇ ਬੁੰਦੇਲਖੰਡ ਖੇਤਰ ਦੇ ਇੱਕ ਛੋਟੇ ਜਿਹੇ ਪਿੰਡ ਰਾਜਾਵਰ ਦੇ ਲੋਕਾਂ ਨੇ ਸਮੁਦਾਇਕ ਰੇਡਿਓ ਦਾ ਉੱਤਮ ਪ੍ਰਯੋਗ ਕਰਕੇ ਵਿਕਾਸ ਦੀ ਦਿਸ਼ਾ ਵਿੱਚ ਸਮੂਹਿਕ ਪਰਿਵਰਤਨ ਦੀ ਇੱਕ ਪ੍ਰਕਿਰਿਆ ਦਾ ਪ੍ਰਦਰਸ਼ਨ ਕੀਤਾ ਹੈ। ਗ੍ਰਾਮੀਣ ਰਿਆਲਿਟੀ ਸ਼ੋਅ, ਸਮੁਦਾਇਕ ਰੇਡਿਓ ਉੱਪਰ ਇੱਕ ਵਿਲੱਖਣ ਸ਼ੋਅ, ਇੱਕ ਵਿਅਕਤੀ ਤੋਂ ਲੈ ਕੇ ਪੂਰੇ ਸਮੁਦਾਇ ਤੱਕ ਜ਼ਮੀਨ ਨੂੰ ਉਪਜਾਊ ਬਣਾਉਣ ਲਈ ਇੱਕ ਤਕਨੀਕ ਦੇ ਪ੍ਰਸਾਰ ਦਾ ਸਾਧਨ ਬਣ ਗਿਆ।

ਬੁੰਦੇਲਖੰਡ ਮੱਧ ਭਾਰਤ ਵਿੱਚ ਸਥਿਤ ਇੱਕ ਅਰਧ-ਖੁਸ਼ਕ ਖੇਤਰ ਹੈ ਜਿਸ ਵਿੱਚ ਮੱਧ ਪ੍ਰਦੇਸ਼ ਦੇ 6 ਜਿਲ੍ਹੇ ਅਤੇ ਉੱਤਰ ਪ੍ਰਦੇਸ਼ ਦੇ 7 ਜਿਲ੍ਹੇ ਸ਼ਾਮਿਲ ਹਨ। ਇਸ ਖੇਤਰ ਵਿੱਚ ਘੱਟ ਵਰਖਾ ਹੋਣ ਕਾਰਨ ਲਗਾਤਾਰ ਸੋਕੇ ਦੀ ਮਾਰ ਰਹਿੰਦੀ ਹੈ। ਇਸ ਦੇ ਇਲਾਵਾ, ਉੱਬੜ-ਖਾਬੜ ਅਤੇ ਚੱਟਾਨੀ ਇਲਾਕਾ ਹੋਣ ਕਾਰਨ, ਜੋ ਥੋੜ੍ਹਾ-ਬਹੁਤ ਵਰਖਾ ਹੁੰਦੀ ਹੈ, ਉਹ ਪਾਣੀ ਵੀ ਵਹਿ ਜਾਂਦਾ ਹੈ। ਇਸ ਕਰਕੇ, ਇੱਥੇ ਹਮੇਸ਼ਾ ਪਾਣੀ ਦੀ ਗੰਭੀਰ ਸਮੱਸਿਆ ਬਣੀ ਰਹਿੰਦੀ ਹੈ ਅਤੇ ਖੇਤੀ ਦਾ ਕੰਮ ਵੀ ਘੱਟ ਹੁੰਦਾ ਹੈ। ਪਿਛਲੇ ਸਮੇਂ ਵਿੱਚ, ਜਲਵਾਯੂ ਪਰਿਵਰਤਨ ਕਰਕੇ, ਅਸਥਿਰ ਅਤੇ ਅਚਨਚੇਤ ਵਰਖਾ ਕਰਕੇ ਕਿਸਾਨਾਂ ਦੀ ਦਸ਼ਾ ਹੋਰ ਵੀ ਬਦਤਰ ਹੋ ਗਈ ਹੈ।

ਬੁੰਦੇਲਖੰਡ ਵਿੱਚ ਲਗਾਤਾਰ ਸੋਕੇ ਕਾਰਨ ਖੇਤੀ ਉਤਪਾਦਨ ਪ੍ਰਭਾਵਿਤ ਹੋਇਆ ਹੈ ਅਤੇ ਰੁਜ਼ਗਾਰ ਉੱਪਰ ਮਾਰ ਪਈ ਹੈ। ਜਲਵਾਯੂ ਪਰਿਵਰਤਨ ਕਰਕੇ ਖੇਤੀ ਆਧਾਰਿਤ ਰੁਜ਼ਗਾਰ ਵਿੱਚ ਅਤੇ ਅਨਾਜ ਦੇ



**ਦੋ ਸਾਲ ਅਮ੍ਰਿਤ ਮਿੱਟੀ ਇਸਤੇਮਾਲ ਕਰਨ ਬਾਅਦ ਰਾਜਾਵਰ ਪਿੰਡ ਦੇ ਹਰੇ-ਭਰੇ ਖੇਤ**

ਉਤਪਾਦਨ ਵਿੱਚ 58% ਦੀ ਕਮੀ ਆਈ ਹੈ। ਜਿੱਥੇ ਕਦੇ ਸੰਘਣੇ ਜੰਗਲ ਹੁੰਦੇ ਸੀ, ਅੱਜ ਉਹ ਬੁੰਦੇਲਖੰਡ ਗੰਭੀਰ ਵਾਤਾਵਰਣੀ ਸੰਕਟ ਚੋਂ ਲੰਘ ਰਿਹਾ ਹੈ।

ਬੁੰਦੇਲਖੰਡ ਵਿੱਚ ਜਲਵਾਯੂ ਪਰਿਵਰਤਨ ਦੇ ਮੁੱਦੇ ਦੇ ਹੱਲ ਲਈ, ਡਿਵਲਪਮੈਂਟ ਅਲਟਰਨੇਟਿਵਸ (ਡੀ ਏ), ਜੋ ਕਿ ਟਿਕਾਊ ਵਿਕਾਸ ਨੂੰ ਸਮਰਪਿਤ ਇੱਕ ਸਮਾਜਿਕ ਉੱਦਮ ਹੈ, ਨੇ ਗ੍ਰਾਮੀਣ ਸਮੁਦਾਇ ਲਈ ਸਮੁਦਾਇ ਉੱਪਰ ਜਲਵਾਯੂ ਪਰਿਵਰਤਨ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਘੱਟ ਕਰਨ ਵਾਲੀਆਂ ਤਕਨੀਕਾਂ ਤੇ ਆਧਾਰਿਤ ਇੱਕ ਨਵਾਂ ਤਰੀਕਾ ਜਿਸਨੂੰ ਗ੍ਰਾਮੀਣ ਰੀਆਲਿਟੀ ਸ਼ੋਅ ਕਹਿੰਦੇ ਹਨ, ਡਿਜ਼ਾਈਨ ਕੀਤਾ। ਗ੍ਰਾਮੀਣ ਰੀਆਲਿਟੀ ਸ਼ੋਅ ਨੇ ਸਥਾਨਕ ਸਮੁਦਾਇਆਂ ਨੂੰ ਜੋੜਨ ਲਈ ਅਤੇ ਸਾਧਾਰਨ ਅਨੁਕੂਲਿਤ ਤਕਨੀਕਾਂ ਨੂੰ ਮਨੋਰੰਜਨ-ਸਿੱਖਿਆ ਫਾਰਮੈਟ ਵਿੱਚ ਸਮਝਾਉਣ ਲਈ ਸਮੁਦਾਇਕ ਰੇਡੀਓ ਨੂੰ ਇੱਕ ਸਾਧਨ ਦੇ ਤੌਰ ਤੇ ਵਰਤਿਆ।

ਰੀਆਲਿਟੀ ਸ਼ੋਅ ਕੌਣ ਬਣੇਗਾ ਸ਼ੁਭਕਾਲ ਲੀਡਰੋ ਓਰਚਾ ਵਿੱਚ ਸਥਿਤ ਸਮੁਦਾਇਕ ਰੇਡੀਓ, ਰੇਡੀਓ ਬੁੰਦੇਲਖੰਡ ਉੱਪਰ ਪ੍ਰਸਾਰਿਤ ਹੋਣ ਵਾਲਾ ਭਾਰਤ ਦਾ ਪਹਿਲਾ ਗ੍ਰਾਮੀਣ ਰੀਆਲਿਟੀ ਸ਼ੋਅ ਬਣ ਗਿਆ ਹੈ। ਰੇਡੀਓ ਬੁੰਦੇਲਖੰਡ ਦਾ ਪ੍ਰਬੰਧਨ ਡੀ ਏ ਅਤੇ ਸਮੁਦਾਇ ਦੁਆਰਾ ਮਿਲ ਕੇ ਕੀਤਾ ਜਾਂਦਾ ਹੈ ਜਿੱਥੇ ਪ੍ਰੋਗਰਾਮ ਲੋਕਾਂ ਦੀ ਭਾਗੀਦਾਰੀ ਨਾਲ ਬਣਾਏ ਜਾਂਦੇ ਹਨ। ਇਸ ਸ਼ੋਅ ਨੇ ਮੱਧ ਭਾਰਤ ਦੇ ਸੋਕੇ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਜਲਵਾਯੂ ਪਰਿਵਰਤਨ ਅਤੇ ਅਨੁਕੂਲਨ ਵਿਕਲਪਾਂ ਬਾਰੇ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮੱਦਦ ਕੀਤੀ ਹੈ।

ਪ੍ਰੋਗਰਾਮਾਂ ਨੂੰ ਦਿਲਚਸਪ ਅਤੇ ਜਾਣਕਾਰੀ ਭਰਪੂਰ ਬਣਾਉਣ ਲਈ ਮਾਹਿਰਾਂ ਅਤੇ ਸਮੁਦਾਇ ਦੇ ਇੰਟਰਵਿਊ, ਟਾਕ ਸ਼ੋਅ, ਸਰਗਰਮੀ ਆਧਾਰਿਤ ਰਿਪੋਰਟਿੰਗ, ਲੋਕ ਗੀਤ, ਰੇਡੀਓ ਡਰਾਮਾ ਅਤੇ ਮੁਕਾਬਲੇ ਆਦਿ ਸ਼ਾਮਿਲ ਕੀਤੇ ਗਏ। ਮੁਕਾਬਲੇ ਵਿੱਚ ਜਲਵਾਯੂ ਪਰਿਵਰਤਨ ਦੇ ਅਨੁਕੂਲਤਾ ਵਿਕਲਪਾਂ ਦਾ ਇਸਤੇਮਾਲ ਕਰਨ ਲਈ ਪ੍ਰਤੀਭਾਗੀਆਂ ਵਿੱਚ ਸਮਰੱਥਾ ਨਿਰਮਾਣ, ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਦੀ ਚੋਣ ਕਰਨ ਲਈ ਵਧੀਆ ਪ੍ਰਦਰਸ਼ਨ ਨਾ ਕਰਨ ਵਾਲਿਆਂ ਨੂੰ ਮੁਕਾਬਲੇ ਵਿੱਚੋਂ ਹਟਾਉਣਾ, ਟਿਕਾਊਪਣ ਸੁਨਿਸ਼ਚਿਤ ਕਰਨ ਲਈ ਚੁਣੇ ਹੋਏ ਪ੍ਰਤੀਭਾਗੀਆਂ ਦਾ ਪੂਰਾ ਮਾਰਗ-ਦਰਸ਼ਨ ਅਤੇ ਸਹਿਯੋਗ ਕਰਨਾ ਆਦਿ ਸ਼ਾਮਿਲ ਸੀ। ਗ੍ਰਾਮੀਣ ਰੀਆਲਿਟੀ ਸ਼ੋਅ ਵਿੱਚ, ਸਥਾਨਕ ਪਿੰਡਾਂ ਵਿੱਚੋਂ ਜਲਵਾਯੂ ਚੈਂਪੀਅਨ ਚੁਣੇ ਗਏ ਅਤੇ ਉਹਨਾਂ ਨੂੰ ਵਿਭਿੰਨ ਤਰ੍ਹਾਂ ਦੀਆਂ ਅਨੁਕੂਲਣ ਤਕਨੀਕਾਂ ਦੀ ਟ੍ਰੇਨਿੰਗ ਦਿੱਤੀ ਗਈ। ਇਹ ਚੈਂਪੀਅਨ ਆਪਣੇ ਪਿੰਡਾਂ ਵਿੱਚ ਉਹ ਅੱਗੇ ਕਿੰਨੇ ਹੋਰ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਇਸ ਅਨੁਕੂਲਣ ਤਕਨੀਕ ਦੀ ਟ੍ਰੇਨਿੰਗ ਦੇ ਸਕਦੇ ਹਨ, ਤੇ ਆਧਾਰਿਤ ਚੋਣ ਦੌਰ ਦੁਆਰਾ ਇਹਨਾਂ ਚੈਂਪੀਅਨਾਂ ਦਾ ਮੁਲਾਂਕਣ ਕੀਤਾ ਗਿਆ ਅਤੇ ਉਹਨਾਂ ਨੂੰ ਅੱਗੇ ਵਧਾਇਆ ਗਿਆ। ਇਸ ਤਰੀਕੇ ਨੇ ਜ਼ਿਆਦਾ ਪ੍ਰਭਾਵੀ ਤਰੀਕੇ ਨਾਲ ਅਤੇ ਤੇਜ਼ੀ ਨਾਲ ਇਸ ਸੁਨੇਹੇ ਨੂੰ ਸਮਾਜ ਦੇ ਵੱਡੇ ਤਬਕੇ ਤੱਕ ਪਹੁੰਚਾਉਣ ਵਿੱਚ ਮੱਦਦ ਕੀਤੀ।

ਪਿੰਡਾਂ ਵਿੱਚ ਗ੍ਰਾਮੀਣ ਰੀਆਲਿਟੀ ਸ਼ੋਅ ਦੌਰਾਨ ਜਲਵਾਯੂ ਪਰਿਵਰਤਨ ਦੇ ਅਨੁਕੂਲਨ ਲਈ ਪ੍ਰਚਾਰਿਤ ਕੀਤੇ ਗਏ 25 ਤਰੀਕਿਆਂ ਵਿੱਚੋਂ, ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣ ਲਈ ਅਤੇ ਰਸਾਇਣਿਕ ਖਾਦਾਂ ਦਾ ਇਸਤੇਮਾਲ ਘਟਾਉਣ ਲਈ ਪ੍ਰਚਾਰਿਤ ਕੀਤੇ ਤਰੀਕਿਆਂ ਵਿੱਚੋਂ ਇੱਕ ਤਰੀਕਾ ਅੰਮ੍ਰਿਤ ਮਿੱਟੀ ਦਾ ਪ੍ਰਯੋਗ ਸੀ। ਅੰਮ੍ਰਿਤ ਮਿੱਟੀ ਫ਼ਸਲ ਦੀ ਰਹਿੰਦ-ਖੂੰਹਦ, ਜਾਨਵਰਾਂ ਦੇ ਗੋਬਰ, ਥੋੜ੍ਹਾ ਜਿਹੇ ਗੁੜ ਅਤੇ ਪਾਣੀ ਤੋਂ

ਤਿਆਰ ਕੀਤੀ ਜੈਵਿਕ ਖਾਦ ਹੈ। ਇਹ ਖਾਦ ਪੋਸ਼ਕ ਤੱਤਾਂ ਨਾਲ ਭਰਪੂਰ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਪਾਣੀ ਧਾਰਨ ਦੀ ਸਮਰੱਥਾ ਵਧਾਉਣ ਵਾਲੀ ਖਾਦ ਦੇ ਤੌਰ ਤੇ ਜਾਣੀ ਜਾਂਦੀ ਹੈ। ਇਸ ਲਈ, ਇਹ ਬੁੰਦੇਲਖੰਡ ਜਿਹੇ ਅਰਧ-ਖੁਸ਼ਕ ਖੇਤਰ ਵਿੱਚ ਖੇਤੀ ਲਈ ਢੁੱਕਵੀਆਂ ਸਭ ਤੋਂ ਵਧੀਆ ਤਕਨੀਕਾਂ ਵਿੱਚੋਂ ਇੱਕ ਤਕਨੀਕ ਹੈ।

ਟੀਕਮਗੜ੍ਹ ਜਿਲ੍ਹੇ ਦੇ ਪਿੰਡ ਰਾਜਾਵਰ ਦੇ ਰਹਿਣ ਵਾਲੇ 25 ਸਾਲਾਂ ਕਿਸਾਨ ਪ੍ਰਕਾਸ਼ ਕੁਸ਼ਵਾਹਾ ਨੇ ਗ੍ਰਾਮੀਣ ਰੀਆਲਿਟੀ ਸ਼ੋਅ ਦੌਰਾਨ ਅੰਮ੍ਰਿਤ ਮਿੱਟੀ ਬਣਾਉਣ ਬਾਰੇ ਸਿੱਖਿਆ। ਉਦੋਂ ਤੋਂ ਉਹ ਅੰਮ੍ਰਿਤ ਮਿੱਟੀ ਨਾ ਸਿਰਫ ਆਪਣੇ ਖੇਤ ਵਿੱਚ ਇਸਤੇਮਾਲ ਕਰ ਰਿਹਾ ਹੈ ਬਲਕਿ ਆਪਣੇ ਪਿੰਡ ਵਿੱਚ ਇਸ ਬਾਰੇ ਸਭਨਾਂ ਨੂੰ ਜਾਣਕਾਰੀ ਦਿੱਤੀ ਹੈ। ਪ੍ਰਕਾਸ਼ ਵਾਤਾਵਰਣ ਦੇ ਮੁੱਦਿਆਂ ਨੂੰ ਸਮਝਦਾ ਹੈ ਅਤੇ ਨਾਲ ਹੀ ਆਪਣੇ ਖੇਤ ਵਿੱਚ ਉਹਨਾਂ ਨਵੇਂ-ਨਵੇਂ ਤਰੀਕਿਆਂ ਦੇ ਤਜ਼ਰਬੇ ਕਰਦਾ ਰਹਿੰਦਾ ਹੈ ਜੋ ਕਿਸਾਨੀ ਦੇ ਨਾਲ-ਨਾਲ ਵਾਤਾਵਰਣ ਲਈ ਵੀ ਫਾਇਦੇਮੰਦ ਹੋਣ।ਪ੍ਰਕਾਸ਼ ਦੀ ਕਹਾਣੀ ਸਭ ਤੋਂ ਪ੍ਰਭਾਵਸ਼ਾਲੀ ਜਲਵਾਯੂ ਪਰਿਵਰਤਨ ਅਨੁਕੂਲਨ ਕੇਸ ਸਟੱਡੀ ਦੇ ਤੌਰ ਤੇ ਉੱਭਰੀ ਅਤੇ ਉਹ ਗ੍ਰਾਮੀਣ ਰੀਆਲਿਟੀ ਸ਼ੋਅ ਦੇ ਫਾਈਨਲ ਪੁਰਸਕਾਰ ਜੇਤੂਆਂ ਵਿੱਚੋਂ ਇੱਕ ਸੀ।

**ਅਸਰ ਦਾ ਫੈਲਣਾ**

ਗ੍ਰਾਮੀਣ ਰੀਆਲਿਟੀ ਸ਼ੋਅ ਵਿੱਚ ਭਾਗ ਲੈਣ ਤੋਂ ਬਾਅਦ ਪ੍ਰਕਾਸ਼ ਆਪਣੇ ਪਿੰਡ ਵਿੱਚ ਬਹੁਤ ਪ੍ਰਸਿੱਧ ਹੋ ਗਿਆ ਅਤੇ ਲੋਕ ਵਾਤਾਵਰਣ ਦੇ ਮੁੱਦਿਆਂ ਉੱਪਰ ਉਸਦੇ ਡੂੰਘੇ ਗਿਆਨ ਕਰਕੇ ਉਸਦੀ ਇੱਜ਼ਤ ਕਰਦੇ ਹਨ। ਹਰ ਉਮਰ ਵਰਗ ਦੇ ਲੋਕ ਹੁਣ ਖੇਤੀ ਸੰਬੰਧਿਤ ਮੁੱਦਿਆਂ ਉੱਪਰ ਉਸਦੀ ਸਲਾਹ ਲੈਂਦੇ ਹਨ।

ਉਸੇ ਹੀ ਪਿੰਡ ਦੀ 20 ਸਾਲਾਂ ਕੁੜੀ ਬਬਲੀ ਦਾ ਕਹਿਣਾ ਹੈ "ਇਹ ਪ੍ਰਕਾਸ਼ ਜੀ ਹੀ ਹਨ ਜਿਨ੍ਹਾਂ ਨੇ ਮੈਨੂੰ ਅਤੇ ਮੇਰੀਆਂ ਭੈਣਾਂ ਨੂੰ ਸਾਡੇ ਘਰ ਵਿੱਚ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।" ਇਸ ਵਿੱਚ ਜੋੜਦੇ ਹੋਏ ਬਬਲੀ ਦੇ ਪਿਤਾ ਜੀ ਦੱਸਦੇ ਹਨ, "ਪ੍ਰਕਾਸ਼ ਇੱਕ ਪ੍ਰੇਰਣਾ, ਇੱਕ ਜਾਣਕਾਰੀ ਸ੍ਰੋਤ, ਇੱਕ ਸਲਾਹਕਾਰ ਅਤੇ ਇਸਦੇ ਨਾਲ ਹੀ ਰਾਜਾਵਰ ਵਿੱਚ ਹਰ ਕਿਸਾਨ ਲਈ ਇੱਕ ਮੁਲਾਂਕਣ ਕਰਤਾ ਹੈ। ਉਹ ਪਿੰਡ ਵਿੱਚ ਹਰ ਇੱਕ ਲਈ ਬਦਲਾਅ ਦਾ ਜ਼ਰੀਆ ਬਣ ਗਿਆ ਹੈ।"

ਜਦ ਕੋਈ ਪ੍ਰਕਾਸ਼ ਦੇ ਪਿੰਡ ਰਾਜਾਵਰ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਪਹਾੜ ਦੀ ਤਲਹਟੀ ਵਿੱਚ ਹਰੇ ਭਰੇ ਆਪਣੇ ਖੇਤਾਂ ਵਿੱਚ ਉਤਸ਼ਾਹ ਨਾਲ ਭਰੇ ਲੋਕਾਂ ਨੂੰ ਕੰਮ ਕਰਦਿਆਂ ਦੇਖ ਸਕਦਾ ਹੈ।

ਸੰਤੋਸ਼ ਕੁਸ਼ਵਾਹਾ, ਜੋ ਕਿ ਬਚਪਨ ਤੋਂ ਹੀ ਖੇਤੀ ਦੇ ਕੰਮ ਵਿੱਚ ਲੱਗੇ ਹੋਏ ਹਨ, ਦੱਸਦੇ ਹਨ, "ਸਾਡੀ ਜ਼ਮੀਨ ਪਹਿਲਾਂ ਏਨੀ ਉਪਜਾਊ ਨਹੀਂ ਸੀ ਅਤੇ ਘੱਟ ਬਾਰਿਸ਼ ਅਤੇ ਚੱਟਾਨੀ ਜ਼ਮੀਨ ਕਰਕੇ ਕੋਈ ਵੀ ਫ਼ਸਲ ਨੂੰ ਉਗਾਉਣਾ ਬੜਾ ਮੁਸ਼ਕਿਲ ਸੀ। ਇਸ ਲਈ ਇੱਥੇ ਖੇਤੀ ਕਰਨਾ ਆਸਾਨ ਕੰਮ ਨਹੀਂ ਸੀ।" ਹੁਣ ਸੰਤੋਸ਼ ਆਪਣੇ ਹਰੇ ਭਰੇ ਖੇਤ ਦਿਖਾਉਂਦੇ ਖੁਸ਼ੀ ਨਾਲ ਭਰ ਜਾਂਦੇ ਹਨ ਅਤੇ ਦੱਸਦੇ ਹਨ ਕਿ ਉਸਦੇ ਖੇਤਾਂ ਵਿੱਚ ਅੰਮ੍ਰਿਤ ਮਿੱਟੀ ਦੇ ਇਸਤੇਮਾਲ ਤੋਂ ਬਾਅਦ ਜ਼ਮੀਨ ਦੀ ਉਤਪਾਦਕ ਸ਼ਕਤੀ ਵਧ ਗਈ ਹੈ। ਸੰਤੋਸ਼ ਅਤੇ ਦੂਸਰੇ ਕਿਸਾਨਾਂ ਨੇ ਇੱਕ ਫ਼ਸਲੀ ਸੀਜ਼ਨ ਲਈ ਆਪਣੀ ਜ਼ਮੀਨ ਦੇ ਇੱਕ ਛੋਟੇ ਹਿੱਸੇ ਵਿੱਚ ਅੰਮ੍ਰਿਤ ਮਿੱਟੀ ਨਾਲ ਤਜ਼ਰਬਾ ਕੀਤਾ। ਉਹਨਾਂ ਨੇ ਪਾਇਆ ਕਿ ਜਿੱਥੇ ਅੰਮ੍ਰਿਤ ਮਿੱਟੀ ਵਰਤੀ ਗਈ ਸੀ ਉੱਥੇ ਪਾਣੀ ਦੀ ਬਹੁਤ ਘੱਟ ਮਾਤਰਾ ਦੀ ਜ਼ਰੂਰਤ ਪਈ ਅਤੇ ਫ਼ਸਲ ਵੀ ਜ਼ਿਆਦਾ ਸਿਹਤਮੰਦ ਸੀ।

ਅੱਜ, ਰਾਜਾਵਰ ਵਿੱਚ ਲਗਭਗ 90 ਪ੍ਰਤੀਸ਼ਤ ਕਿਸਾਨ ਆਪਣੇ ਖੇਤਾਂ ਵਿੱਚ ਅੰਮ੍ਰਿਤ ਮਿੱਟੀ ਦਾ ਪ੍ਰਯੋਗ ਕਰ ਰਹੇ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਅੰਮ੍ਰਿਤ ਮਿੱਟੀ ਦੇ ਪ੍ਰਯੋਗ ਕਾਰਨ ਸਿੰਚਾਈ ਲਈ ਚਾਹੀਦੇ ਪਾਣੀ ਦੀ ਮਾਤਰਾ ਵਿੱਚ ਕਮੀ ਆਈ ਹੈ ਅਤੇ ਉਤਪਾਦਿਤ ਫ਼ਸਲਾਂ ਦੀ ਗੁਣਵੱਤਾ ਵਿੱਚ ਸੁਧਾਰ ਆਇਆ ਹੈ। ਇਸ ਨਾਲ ਉਹਨਾਂ ਦੇ ਰਸਾਇਣਿਕ ਖਾਦਾਂ ਉੱਪਰ ਹੋਣ ਵਾਲੇ ਖਰਚੇ ਵਿੱਚ ਵੀ ਕਮੀ ਆਈ ਹੈ ਜੋ ਕਿ ਪਹਿਲਾਂ ਕਿਸਾਨਾਂ ਲਈ ਇੱਕ ਵੱਡਾ ਖਰਚ ਸੀ। ਸਿਰਫ਼ ਇਹੀ ਨਹੀਂ, ਕਿਸਾਨ ਹੁਣ ਜ਼ਿਆਦਾ ਪਾਣੀ ਮੰਗਣ ਵਾਲੀਆਂ ਫ਼ਸਲਾਂ ਜਿਵੇਂ ਸਬਜ਼ੀਆਂ ਵੀ ਆਪਣੇ ਖੇਤਾਂ ਵਿੱਚ ਉਗਾਉਣ ਲੱਗੇ ਹਨ ਜੋ ਕਿ ਇਸ ਪਿੰਡ ਵਿੱਚ ਪਹਿਲਾਂ ਸੰਭਵ ਨਹੀਂ ਸੀ।

ਰਾਜਾਵਰ ਦੇ ਲੋਕ ਹੁਣ ਰੁੱਖਾਂ ਦੇ ਵਿਕਾਸ ਅਤੇ ਆਪਣੀ ਖੁਸ਼ਹਾਲੀ ਵਿੱਚਲੇ ਸੰਬੰਧ ਨੂੰ ਵੀ ਸਮਝ ਗਏ ਹਨ। ਵਧੀਆ ਬਾਰਿਸ਼ ਲਈ ਰੁੱਖ ਲਗਾਉਣ ਤੋਂ ਲੈ ਕੇ, ਫ਼ਸਲੀ ਚੱਕਰ ਅਤੇ ਅੰਮ੍ਰਿਤ ਮਿੱਟੀ ਦੇ ਪ੍ਰਯੋਗ ਤੱਕ, ਲੋਕ ਕੁਦਰਤ ਨਾਲ ਵਧੀਆ ਰਿਸ਼ਤਾ ਬਣਾਉਣ ਲਈ ਕਈ ਤਰੀਕੇ ਅਪਣਾ ਰਹੇ ਹਨ। ਇਸ ਛੋਟੇ ਜਿਹੇ ਪਿੰਡ ਦੀ ਖੁਸ਼ਹਾਲੀ ਇੱਥੋਂ ਦੇ ਮਾਣਸੱਚੇ ਕਿਸਾਨਾਂ ਦੇ ਚਿਹਰੇ ਉੱਪਰ ਦਿਖਾਈ ਦਿੰਦੀ ਹੈ।

ਇਸ ਤਰ੍ਹਾਂ, ਰਾਜਾਵਰ ਪਿੰਡ ਨੇ ਵਿਕਾਸ ਦੀ ਦਿਸ਼ਾ ਵਿੱਚ ਸਮੁਦਾਇਕ ਬਦਲਾਅ ਦੀ ਪਕਿਰਿਆ ਦਾ ਉੱਤਮ ਪ੍ਰਦਰਸ਼ਨ ਕੀਤਾ ਹੈ। ਇੱਥੇ ਸਮੁਦਾਇਕ ਰੇਡੀਓ ਨਾ ਸਿਰਫ ਵਿਅਕਤੀਆਂ ਨੂੰ ਜਾਣਕਾਰੀ ਦੇਣ ਵਿੱਚ ਸਫਲ ਹੋਇਆ ਬਲਕਿ ਜਲਵਾਯੂ ਪਰਿਵਰਤਨ ਦੇ ਮੁੱਦੇ ਤੇ ਸਮੁਦਾਇ ਵਿਚਕਾਰ ਸੰਵਾਦ ਕਾਇਮ ਕਰਨ ਵਿੱਚ ਵੀ ਕਾਮਯਾਬ ਰਿਹਾ। ਇਹ ਇੱਕ ਬੜਾ ਹੀ ਦਿਲਚਸਪ ਮਾਡਲ ਹੈ ਜਿਸਦੀ ਪ੍ਰਤੀਨਿੱਧਤਾ ਇਹ ਪਿੰਡ ਕਰਦਾ ਹੈ, ਜਿਸ ਵਿੱਚ ਇੱਕ ਵਿਅਕਤੀ ਵਿੱਚੋਂ ਬਦਲਾਅ ਲਿਆਉਣ ਵਾਲਾ ਅੰਕੁਰਣ ਫੁੱਟਦਾ ਹੈ ਅਤੇ ਸਮੁਦਾਇਕ ਪੱਧਰ ਦਾ ਪ੍ਰਭਾਵ ਲਿਆਉਣ ਲਈ ਸਮੁਦਾਇ ਦੇ ਦੂਸਰੇ ਮੈਂਬਰਾਂ ਤੱਕ ਪਹੁੰਚਦਾ ਹੈ ਅਤੇ ਗ੍ਰਾਮੀਣ ਰਿਆਲਿਟੀ ਸ਼ੋਅ ਨੇ ਇਸ ਪ੍ਰਕਿਰਿਆ ਨੂੰ ਸ਼ੁਰੂ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਸ਼ਵੇਤਾ ਪਰਜਾਪਤੀ**
ਡਿਪਟੀ ਮੈਨੇਜਰ, ਡਿਵਲਪਮੈਂਟ ਅਲਟਰਨੇਟਿਵਸ

**ਗਜ਼ਾਲਾ ਸ਼ੇਖ**
ਸਹਾਇਕ ਪ੍ਰੋਗਰਾਮ ਨਿਰਦੇਸ਼ਕ, ਡਿਵਲਪਮੈਂਟ ਅਲਟਰਨੇਟਿਵਸ
ਸ਼ੀ-32, ਤਾਰਾ ਕ੍ਰੀਸੈਂਟ ਕੁਤੁਬ ਇੰਸਟੀਟਿਊਸ਼ਨਲ ਏਰੀਆ,
ਨਵੀਂ ਦਿੱਲੀ- 110016

**Rural Reality Show**
**LEISA INDIA, Vol-17, No. 1, March 2015.**

# ਖੇਤ ਤੋਂ ਥਾਲੀ ਤੱਕ ਸਹਿਜਾ ਆਰਗੈਨਿਕਸ ਦੀ ਇੱਕ ਪਹਿਲ

ਜ਼ੀ ਕ੍ਰਿਸ਼ਨਾ ਪ੍ਰਸਾਦ ਅਤੇ ਬੀ ਸੋਮੇਸ਼

**ਕਿਸਾਨਾਂ ਦੀ ਬਾਜ਼ਾਰ ਤੱਕ ਸਿੱਧੀ ਪਹੁੰਚ ਬਣਾਉਣਾ ਆਰਥਿਕ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਿਸਾਨ ਬਾਜ਼ਾਰ ਗ੍ਰਾਮੀਣ-ਸ਼ਹਿਰੀ ਸੰਬੰਧਾਂ ਦਾ ਅਭਿੰਨ ਅੰਗ ਹਨ ਅਤੇ ਖਪਤਕਾਰਾਂ ਦੇ ਸਿੱਧੇ ਖੇਤ ਤੋਂ ਤਾਜਾ ਉਤਪਾਦ ਲੈਣ ਦੀ ਵਧਦੀ ਦਿਲਚਸਪੀ ਕਰਕੇ ਇਹਨਾਂ ਦੀ ਪ੍ਰਸਿੱਧੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਸਹਿਜਾ ਸਮਰਿੱਧਾ, ਕਿਸਾਨਾਂ ਅਤੇ ਖੇਤੀ ਮਾਹਿਰਾਂ ਦੀ ਅਗਵਾਈ ਵਾਲੀ ਇੱਕ ਸੰਸਥਾ ਆਪਣੀ ਅਨੋਖੀ ਪਹਿਲ ਸਦਕਾ ਕਿਸਾਨਾਂ ਅਤੇ ਖਪਤਕਾਰਾਂ ਦਰਮਿਆਨ ਪਾੜੇ ਨੂੰ ਘਟਾਉਣ ਦਾ ਕੰਮ ਕਰ ਰਹੀ ਹੈ।**

ਸਹਿਜਾ ਸਮਰਿੱਧਾ, ਭਾਵ ਭਰਪੂਰ ਕੁਦਰਤ ਕਿਸਾਨਾਂ ਨਾਲ ਫ਼ਸਲਾਂ ਦੀਆਂ ਦੇਸੀ ਕਿਸਮਾਂ ਨੂੰ ਸੁਰੱਖਿਅਤ ਰੱਖਣ ਅਤੇ ਉਹਨਾਂ ਵਿੱਚ ਸੁਧਾਰ ਕਰਨ, ਅਤੇ ਅਮੀਰ ਜੈਵ ਵਿਭਿੰਨਤਾ ਦੀ ਰੱਖਿਆ ਲਈ ਇੱਕ ਲੋਕ ਲਹਿਰ ਖੜ੍ਹੀ ਕਰਨ ਲਈ ਕੰਮ ਕਰ ਰਹੀ ਸੰਸਥਾ ਹੈ। ਇਹ ਮੁੱਖ ਤੌਰ 'ਤੇ ਵਿਚਾਰਾਂ, ਬੀਜਾਂ ਦੇ ਆਦਾਨ-ਪ੍ਰਦਾਨ ਅਤੇ ਟਿਕਾਊ ਖੇਤੀ ਬਾਰੇ ਗਿਆਨ ਸਾਂਝਾ ਕਰਨ ਲਈ ਕਿਸਾਨਾਂ ਦੀ ਪਹਿਲ ਦੇ ਰੂਪ ਵਿੱਚ ਸ਼ੁਰੂ ਕੀਤੀ ਗਈ।

ਕਰਨਾਟਕ ਵਿੱਖੇ ਜੈਵਿਕ ਉਤਪਾਦਾਂ ਲਈ ਬਾਜ਼ਾਰ ਦੀ ਅਣਹੋਂਦ ਜੈਵਿਕ ਖੇਤੀ ਕਿਸਾਨਾਂ ਲਈ ਇੱਕ ਵੱਡੀ ਸੱਮਸਿਆ ਸੀ। ਸਮੁੱਚਾ ਜੈਵਿਕ ਸਮਾਨ ਆਮ  ਬਾਜ਼ਾਰ ਵਿੱਚ ਵੇਚਣ ਦੀ ਕੋਈ ਤੁਕ ਨਹੀਂ ਸੀ ਬਣਦੀ।

ਸਹਿਜਾ ਸਮਰਿੱਧਾ ਵੱਲੋਂ ਸਹਿਜਾ ਆਰਗੈਨਿਕਸ ਦੇ ਬ੍ਰਾਂਡ ਨਾਮ ਹੇਠ ਖਰੀਦ ਅਤੇ ਮੰਡੀਕਰਨ ਦੇ ਲਈ ਕਿਸਾਨਾਂ ਅਤੇ ਖਪਤਕਾਰਾਂ ਦਾ ਸੰਪਰਕ ਨੈੱਟਵਰਕ ਵਿਕਸਿਤ ਕੀਤਾ ਗਿਆ ਹੈ।ਜੈਵਿਕ ਉਤਪਾਦ ਦੇ ਮੰਡੀਕਰਨ ਲਈ ਸਹਿਜਾ ਸਮਰਿੱਧਾ ਆਰਗੈਨਿਕ ਪ੍ਰੋਡਿਊਸਰਜ਼ ਕੰਪਨੀ ਲਿਮਿਟਡ ਬਣਾਈ ਗਈ। ਵਰਤਮਾਨ ਵਿੱਚ, ਕੰਪਨੀ ਨਾਲ 750 ਤੋਂ ਵੱਧ ਜੈਵਿਕ ਉਤਪਾਦਕ ਜੁੜੇ ਹਨ ਜੋ ਕਿ ਕੰਪਨੀ ਵਿੱਚ ਹਿੱਸੇਦਾਰ ਵੀ ਹਨ। ਇਸ ਤੋਂ ਇਲਾਵਾ, ਕੰਪਨੀ ਦੇ ਨੈੱਟਵਰਕ ਵਿੱਚ 2500 ਕਿਸਾਨ ਪਰਿਵਾਰ (30 ਕਿਸਾਨ ਸਮੂਹ) ਵੀ ਸ਼ਾਮਿਲ ਹਨ।

ਇਹ ਪ੍ਰੋਡਿਊਸਰ ਕੰਪਨੀ ਕਿਸਾਨਾਂ ਨੂੰ ਓਹਨਾਂ ਦੇ ਉਤਪਾਦਾਂ ਦਾ ਪ੍ਰਦਰਸ਼ਨ ਕਰਨ ਅਤੇ ਚੰਗੀ ਕੀਮਤ ਉੱਪਰ ਵੇਚਣ ਦੀ ਸਹੂਲਤ ਦਿੰਦੀ ਹੈ। ਉਤਪਾਦਨ ਸਿੱਧੇ ਕਿਸਾਨਾਂ ਤੋਂ ਖਰੀਦਿਆਂ ਜਾਂਦਾ ਹੈ ਅਤੇ ਨੈੱਟਵਰਕ ਆਊਟਲੈੱਟਸ ਨੂੰ ਭੇਜਿਆ ਜਾਂਦਾ ਹੈ।ਇਹ ਲੜੀ ਉਤਪਾਦ ਨੂੰ ਖਪਤਕਾਰ ਤੱਕ ਸਿੱਧੇ ਪਹੁੰਚਾਉਣ ਲਈ ਤਿਆਰ ਕੀਤੀ ਗਈ ਹੈ। ਕੰਪਨੀ ਪ੍ਰੰਪਰਿਕ ਬਾਜ਼ਾਰ ਮੁੱਲ ਦੀ ਤੁਲਨਾ ਵਿੱਚ 15 ਤੋਂ 20 ਪ੍ਰਤੀਸ਼ਤ ਤੱਕ ਪ੍ਰੀਮੀਅਮ ਕੀਮਤ ਦਿੰਦੀ ਹੈ ਜਦਕਿ ਇਹ ਆਪਣੇ ਨਿਰਵਾਹ ਲਈ ਇੱਕ ਮਾਮੂਲੀ ਰਾਸ਼ੀ ਰੱਖਦੀ ਹੈ।

ਸਹਿਜਾ ਚੌਲ, ਮੂਲ ਅਨਾਜ ਅਤੇ ਦਾਲਾਂ ਦੀਆਂ ਜੈਵਿਕ ਅਤੇ ਦੇਸੀ ਕਿਸਮਾਂ ਨੂੰ ਹੀ ਪ੍ਰੋਤਸ਼ਾਹਿਤ ਕਰਦੀ ਹੈ। ਪੌਸ਼ਟਿਕਤਾ ਅਤੇ ਔਸ਼ਧੀ ਗੁਣਾਂ ਕਰਕੇ ਇਹਨਾਂ ਫ਼ਸਲਾਂ ਦੀ, ਖਾਸ ਕਰਕੇ ਮੂਲ ਅਨਾਜਾਂ ਅਤੇ ਲਾਲ ਚਾਵਲ ਦੀ, ਸ਼ਹਿਰੀ ਖੇਤਰਾਂ ਵਿੱਚ ਬਹੁਤ ਮੰਗ ਹੈ।ਸੂਬੇ ਵਿੱਚ ਜੈਵਿਕ



**ਮੱਕੀ ਦੀ ਜੈਵ-ਵਿਭਿੰਨਤਾ ਦਾ ਜਸ਼ਨ ਨਿਭਾਉਂਦੇ ਹੋਏ**

ਅਨਾਜਾਂ ਦੇ ਸਭ ਤੋਂ ਵੱਡੇ ਥੋਕ ਵਿਕ੍ਰੇਤਾਵਾਂ ਵਿੱਚੋਂ ਇੱਕ ਹੋਣ ਦੇ ਨਾਤੇ ਇਹ ਬੰਗਲੌਰ ਅਤੇ ਉਸਦੇ ਆਸ-ਪਾਸ ਦੇ 80 ਰਿਟੇਲ ਆਊਟਲੈੱਟਸ ਨੂੰ ਜੈਵਿਕ ਉਤਪਾਦ ਮੁਹੱਈਆ ਕਰਵਾਉਂਦੇ ਹਨ। ਹਾਲਾਂਕਿ ਕੰਪਨੀ ਕੋਲ ਕੇਵਲ ਇੱਕ ਗੁਦਾਮ ਅਤੇ ਇੱਕ ਰਿਟੇਲ ਆਊਟਲੈੱਟ ਹੈ।

ਸਹਿਜਾ ਸਮਰਿੱਧਾ ਵੱਲੋਂ ਕਿਸਾਨਾਂ ਦੇ ਉਤਪਾਦਾਂ ਦੀ ਸਿੱਧੀ ਵਿੱਕਰੀ ਲਈ ਛੋਟੇ-ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਸਲਾਨਾ ਲਾਲ ਚਾਵਲ ਮੇਲਾ, ਬੀਜ ਉਤਸਵ ਅਤੇ ਸੁਰੱਖਿਅਤ ਭੋਜਨ ਮੇਲਾ ਲਾਇਆ ਜਾਂਦਾ ਹੈ। ਇਹਨਾਂ ਮੇਲਿਆਂ ਵਿੱਚ 10 ਤੋਂ 20 ਹਜ਼ਾਰ ਲੋਕ ਸ਼ਾਮਿਲ ਹੁੰਦੇ ਹਨ। ਇਸ ਕਵਾਇਦ ਸਦਕਾ ਕਿਸਾਨ ਖਪਤਕਾਰਾਂ ਨੂੰ ਸਿੱਧਿਆਂ ਤਾਜਾ ਜੈਵਿਕ ਉਤਪਾਦ ਮੁਹਈਆ ਕਰਵਾਉਂਦੇ ਹਨ।ਇਸ ਨਾਲ ਕਿਸਾਨ-ਖਪਤਕਾਰ ਸਬੰਧ ਮਜ਼ਬੂਤ ਹੁੰਦੇ ਹਨ।ਕਿਸਾਨ ਬਾਜ਼ਾਰ ਰਾਹੀਂ ਜੈਵਿਕ ਉਤਪਾਦਾਂ ਦਾ ਸਿੱਧਾ ਮੰਡੀਕਰਨ ਕੌਮੀ ਪੱਧਰ ਤੇ ਖੇਤੀ ਉਤਪਾਦਕਾਂ ਲਈ ਇੱਕ ਮਹੱਤਵਪੂਰਨ ਵਿਕਰੀ ਆਊਟਲੈੱਟ ਸਾਬਤ ਹੋ ਰਿਹਾ ਹੈ।

## ਟਰਨ-ਓਵਰ

ਸ਼ੁਰੂ ਵਿੱਚ ਪ੍ਰੋਡਿਊਸਰ ਕੰਪਨੀ ਦੇ ਨਾਤੇ ਪੂਰੀ ਤਰ੍ਹਾਂ ਕਿਸਾਨਾਂ ਦੇ ਪੈਸੇ ''ਤੇ ਨਿਰਭਰ ਰਹਿਣ ਦੀ ਨੀਤੀ ਅਪਣਾਈ ਗਈ। ਸਾਲ 2010 ਵਿੱਚ ਇਹ ਪ੍ਰੋਡਿਊਸਰ ਕੰਪਨੀ 5 ਲੱਖ ਦੀ ਪੂੰਜੀ ਨਾਲ ਸ਼ੁਰੂ ਕੀਤੀ ਗਈ ਜੋ ਕਿ ਕਿਸਾਨਾਂ ਅਤੇ ਕਿਸਾਨ ਸਮੂਹਾਂ ਦੁਆਰਾ ਇਕੱਠੀ ਕੀਤੀ ਗਈ।

ਹਾਲਾਂਕਿ, ਪਹਿਲੇ ਸਾਲ ਦੌਰਾਨ ਘਾਟਾ ਹੋਇਆ ਅਤੇ ਪੂੰਜੀ ਖਤਮ ਹੋ ਗਈ। ਸਾਲ 2011-12 ਦੌਰਾਨ, 3 ਲੱਖ ਦੀ ਪੂੰਜੀ ਹੋਰ ਜੁਟਾਈ ਗਈ। ਇਸਦੇ ਇਲਾਵਾ, ਬੈਂਕ ਤੋਂ 5 ਲੱਖ ਦੀ ਰਾਸ਼ੀ ਪ੍ਰਾਪਤ ਕੀਤੀ ਗਈ ਜਿਸ ਰਾਹੀਂ ਗਤੀਵਿਧੀਆਂ ਨੂੰ ਵਧਾਇਆ ਜਾ ਸਕਿਆ। 53 ਲੱਖ ਦਾ ਕਾਰੋਬਾਰ ਕਰਨ ਦੇ ਬਾਵਜੂਦ ਕੰਪਨੀ ਨੂੰ ਡੇਢ ਲੱਖ ਦਾ ਘਾਟਾ ਉਠਾਉਣਾ ਪਿਆ।2012-13 ਵਿੱਚ, ਕੰਪਨੀ ਨੇ ਨਾਬਾਰਡ ਤੋਂ ਰਕਮ ਜੁਟਾਈ ਅਤੇ ਇਸਦੀ ਸੰਖਿਆ 83 ਲੱਖ ਤੱਕ ਵਧਾ ਲਈ। ਪ੍ਰੰਤੂ ਟੀਚਾ ਇੱਕ ਕਰੋੜ ਦਾ

ਸੀ ਅਤੇ ਇਹ ਲਗਾਤਾਰ ਪੈਣ ਵਾਲੇ ਸੋਕੇ ਦੇ ਕਾਰਨ ਉਮੀਦਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ। ਕੰਪਨੀ 10 ਲੱਖ ਦੇ ਇਕੱਠੇ ਘਾਟੇ ਦੇ ਨਾਲ ਇੱਕ ਨੁਕਸਾਨ ਉਠਾਉਣ ਵਾਲੀ ਇਕਾਈ ਬਣੀ ਰਹੀ। ਇਹ ਸਿਰਫ ਚੌਥੇ ਸਾਲ ਵਿੱਚ ਘਟਿਤ ਹੋਇਆ ਜਦ ਇਸਦਾ ਟਰਨਓਵਰ 1.27 ਕਰੋੜ ਹੋ ਗਿਆ ਅਤੇ ਇਹ ਘਾਟੇ ਤੋਂ ਉੱਭਰ ਸਕੀ। 2014-15 ਵਿੱਚ ਟਰਨਓਵਰ ਵਧ ਕੇ 3.6 ਕਰੋੜ ਤੱਕ ਹੋ ਗਿਆ ਅਤੇ 30 ਲੱਖ ਦਾ ਮੁਨਾਫ਼ਾ ਕਮਾਇਆ। ਇਸ ਵਿੱਚੋਂ 5 ਲੱਖ ਰੁਪਏ ਕਿਸਾਨਾਂ ਵਿੱਚ ਵੰਡ ਦਿੱਤੇ ਗਏ ਅਤੇ ਬਾਕੀ ਪੈਸਾ ਫਿਰ ਕਾਰੋਬਾਰ ਵਿੱਚ ਲਗਾ ਦਿੱਤਾ ਗਿਆ।

ਇਸ ਸਮੇਂ ਦੌਰਾਨ, ਕੰਪਨੀ ਨੇ ਵਿਭਿੰਨ ਪ੍ਰਕਾਰ ਦੇ ਕਾਰੋਬਾਰ ਮਾਡਲ - ਖੁਦਰਾ ਮਾਡਲ ਤੋਂ ਪੂਰੀ ਤਰ੍ਹਾਂ ਥੋਕ ਵਿਕ੍ਰੇਤਾ ਵਿੱਚ ਬਦਲਣਾ- ਅਜ਼ਮਾ ਕੇ ਦੇਖੇ। ਬਾਵਜੂਦ ਇਸਦੇ, ਕੰਪਨੀ ਨੇ ਕਿਸਾਨਾਂ ਦੇ ਮੁਨਾਫ਼ੇ 'ਚ ਕਦੇ ਵੀ ਕਟੌਤੀ ਨਹੀਂ ਕੀਤੀ। ਜਦਕਿ ਇਸਨੇ ਆਪਣਾ ਸਾਰਾ ਧਿਆਨ ਇਸ ਨੂੰ ਵਧਾਉਣ ਅਤੇ ਆਪਣੇ ਲਈ ਘੱਟ ਲਾਭ ਕਮਾਉਣ ਉੱਪਰ ਰੱਖਿਆ।

## ਜੈਵਿਕ ਸਬਜੀ ਉਤਪਾਦਕ ਸਮੂਹ - ਇੱਕ ਮਾਮਲਾ

ਬੰਗਲੌਰ ਲਾਗਲੇ ਅਨੇਕਲ ਤਾਲੁਕਾ ਦੇ ਮੈਯਸੰਦਰਾ ਪਿੰਡ ਦੇ ਦੇ ਨੇੜਲੇ ਕੁੱਝ ਪਿੰਡਾਂ 'ਚ ਰਵਾਇਤੀ ਸਬਜ਼ੀ ਅਤੇ ਫੁੱਲ ਉਤਪਾਦਕ ਕਿਸਾਨਾਂ ਨਾਲ ਜੈਵਿਕ ਸਬਜ਼ੀਆਂ ਦੀ ਮਿਸ਼ਰਤ ਖੇਤੀ ਸ਼ੁਰੂ ਕੀਤੀ। ਹਾਲਾਂਕਿ ਪਹਿਲਾਂ ਇਹ ਕਿਸਾਨ ਹੋਰਨਾਂ ਪਿੰਡਾਂ ਦੇ ਕਿਸਾਨਾਂ ਵਾਂਗ ਹੀ ਸਬਜ਼ੀਆਂ ਅਤੇ ਫੁੱਲਾਂ ਦੀ ਇੱਕ ਭਾਤੀ ਖੇਤੀ ਹੀ ਕਰਦੇ ਸਨ। ਇਹ ਖੇਤਰ ਚੁਕੰਦਰ ਅਤੇ ਗਾਜਰ ਦੀਆਂ ਸਬਜ਼ੀਆਂ ਲਈ ਪ੍ਰਸਿੱਧ ਸੀ।

ਸ਼ੁਰੂਆਤੀ ਦੌਰ ਵਿੱਚ 150 ਕਿਸਾਨਾਂ ਨਾਲ ਜੈਵਿਕ ਖੇਤੀ ਦਾ ਕੰਮ ਸ਼ੁਰੂ ਕੀਤਾ ਗਿਆ। ਤਿੰਨ ਸਾਲ ਦੀ ਅਵਧੀ ਦੌਰਾਨ, ਇਹ ਗਿਣਤੀ ਘਟ ਕੇ ਜੈਵਿਕ ਖੇਤੀ ਜਾਰੀ ਰੱਖਣ ਵਾਲੇ ਸਿਰਫ ਕੁੱਝ ਕਿਸਾਨਾਂ ਤੱਕ ਸੀਮਿਤ ਰਹਿ ਗਈ।

ਜੈਵਿਕ ਮੰਡੀਕਰਨ ਲਈ ਕਿਸਾਨਾਂ ਨੂੰ 40 ਕਿਲੋਮੀਟਰ ਲੰਬੇ ਸਫਰ ਕਾਰਣ ਸ਼ੁਰੂਆਤੀ ਝਿਜਕ ਦੇ ਬਾਵਜੂਦ ਕੁੱਝ ਸਿਰੜੀ ਕਿਸਾਨਾਂ ਦੇ ਦਮ 'ਤੇ ਜੈਵਿਕ ਕਿਸਾਨ ਬਾਜ਼ਾਰ ਦੀ ਸ਼ੁਰੂਆਤ ਹੋ ਪਾਈ। 10 ਕਿਸਾਨਾਂ ਤੋਂ ਸ਼ੁਰੂ ਹੋਏ ਕਿਸਾਨ ਬਾਜ਼ਾਰ ਵਿੱਚ ਅੱਜ 70 ਤੋਂ ਵੱਧ ਕਿਸਾਨ ਲਗਾਤਾਰ ਸਾਮਾਨ ਉਪਲਬਧ ਕਰਵਾ ਰਹੇ ਹਨ। ਫਿਰ ਕਿਸਾਨ ਇੱਕ ਗਰੁੱਪ ਸਹਿਜਾ ਸਵੈਯਵਾ ਤਰਕਾਰੀ ਬੇਲਾਗਰਾਰਾ ਸੰਘੋ ਅਧੀਨ ਇਕੱਠੇ ਹੋਏ ਅਤੇ ਇੱਕ ਸਾਂਝੀ ਜਗ੍ਹਾਂ ਸਬਜ਼ੀਆਂ ਨੂੰ ਇਕੱਠੇ ਕਰਨਾ ਸ਼ੁਰੂ ਕੀਤਾ ਅਤੇ ਇੱਥੋਂ ਬਾਜ਼ਾਰ ਵਿੱਚ ਸਪਲਾਈ ਕੀਤੀ।

ਕਿਸਾਨਾਂ ਨੂੰ ਬਾਜ਼ਾਰ ਦੀ ਮੰਗ ਅਨੁਸਾਰ ਵੰਨ-ਸੁਵੰਨੀਆਂ ਸਬਜ਼ੀਆਂ ਪੈਦਾ ਕਰਨ ਲਈ ਪ੍ਰੇਰਤ ਕੀਤਾ ਗਿਆ। ਇਸ ਤਰ੍ਹਾਂ ਕਿਸਾਨ 40 ਕਿਸਮਾਂ ਦੀਆਂ ਸਬਜ਼ੀਆਂ ਪੈਦਾ ਕਰਕੇ ਬੰਗਲੌਰ ਅਤੇ ਗਵਾਂਢੀ ਰਾਜਾਂ ਵਿੱਚ ਵੀ ਪੁੱਜਦੀਆਂ ਕਰਨ ਵਿੱਚ ਸਫਲ ਰਹੇ। ਨਤੀਜੇ ਵਜੋਂ ਕਿਸਾਨਾਂ ਦੀ ਟਰਨਓਵਰ 700 ਰੁਪਏ ਪ੍ਰਤੀਦਿਨ ਦੀ ਮਾਮੂਲੀ ਰਾਸ਼ੀ ਤੋਂ ਵੱਧ ਕੇ 5 ਲੱਖ ਰੁਪਏ ਪ੍ਰਤਿ ਮਹੀਨੇ ਤੱਕ ਪੁੱਜ ਗਈ।

ਇੱਥੋਂ ਤੱਕ ਕਿ ਭੂਮੀਹੀਣ ਕਿਸਾਨਾਂ ਨੂੰ ਵੀ ਸਬਜ਼ੀਆਂ ਉਗਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਉਹਨਾਂ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ ਦੇ ਸਮਰੱਥ ਬਣਾਇਆ। ਮੰਗਲਾ ਨਾਮਕ ਭੂਮੀਹੀਣ ਮਹਿਲਾ ਕਿਸਾਨ ਆਪਣੇ ਘਰ ਦੇ ਆਸ-ਪਾਸ ਖਾਲੀ ਜਗ੍ਹਾ ਵਿੱਚ ਕੜ੍ਹੀ ਪੱਤਾ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਉਗਾ ਕੇ 1500 ਰੁਪਏ ਮਹੀਨਾ ਕਮਾ ਰਹੀ ਹੈ।

ਇਹ ਕਿਸਾਨ ਸਮੂਹ ਸਹਿਜਾ ਸਮਰਿੱਧਾ ਆਰਗੈਨਿਕ ਪ੍ਰੋਡਿਊਸਰ ਕੰਪਨੀ ਰਾਹੀਂ ਪ੍ਰਮੁੱਖ ਸੁਪਰ ਮਾਰਕਿਟਾਂ, ਜੈਵਿਕ ਸਟੋਰਾਂ ਅਤੇ ਜੈਵਿਕ ਕਿਸਾਨ ਬਾਜ਼ਾਰਾਂ ਰਾਹੀ ਸਿੱਧੇ ਖਪਤਕਾਰਾਂ ਨੂੰ ਉਤਪਾਦ ਵੇਚ ਕੇ ਵਿਭਿੰਨ ਬਾਜ਼ਾਰ ਚੈਨਲਾਂ ਤੱਕ ਪਹੁੰਚ ਗਿਆ ਹੈ। ਜੈਵਿਕ ਕਿਸਾਨ ਬਾਜ਼ਾਰ ਅਲੱਗ-ਅਲੱਗ ਥਾਂਵਾਂ ਅਤੇ ਖੇਤਰਾਂ ਵਿੱਚ ਖਪਤਕਾਰਾਂ ਤੱਕ ਸਿੱਧੀ ਪਹੁੰਚ ਬਣਾਉਣ ਲਈ ਆਯੋਜਿਤ ਕੀਤੇ ਜਾਂਦੇ ਹਨ। ਇਸ ਸਭ ਨਾਲ ਬ੍ਰਾਂਡ ਨੂੰ ਬਣਨ ਵਿੱਚ ਮੱਦਦ ਮਿਲੀ ਅਤੇ ਹੁਣ ਇਹ ਸਭ ਜਗ੍ਹਾ ਸਹਿਜਾ ਸਬਜ਼ੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਹਫ਼ਤੇ ਵਿੱਚ ਪੰਜ ਦਿਨ ਲੱਗਣ ਵਾਲੇ ਕਿਸਾਨ ਬਾਜ਼ਾਰ ਵਿੱਚ ਕਿਸਾਨ ਮੰਗ ਦੇ ਹਿਸਾਬ ਨਾਲ ਸਬਜ਼ੀਆਂ ਲਿਆਉਂਦੇ ਹਨ। ਗੁਣਵੱਤਾ ਦਾ ਧਿਆਨ ਰੱਖਦਿਆਂ ਸਬਜ਼ੀਆਂ ਦੀ ਗ੍ਰੇਡਿੰਗ ਕਰਨ ਉਪਰੰਤ ਤੋਲ ਕੇ ਵਿਭਿੰਨ ਦੁਕਾਨਾਂ 'ਤੇ ਭੇਜਦੇ ਹਨ। ਭੁਗਤਾਨ ਹਫ਼ਤਾਵਾਰੀ ਆਧਾਰ 'ਤੇ ਕੀਤੇ ਜਾਂਦੇ ਹਨ। ਇੱਥੋਂ ਦੇ ਕਿਸਾਨਾਂ ਨੂੰ ਉੱਚ ਮਾਨਤਾ ਪ੍ਰਾਪਤ ਪ੍ਰਮਾਣਿਕਤਾ ਦੇਣ ਵਾਲੀ ਏਜੰਸੀ ਆਈ ਐਮ ਓ ਵੱਲੋਂ ਕਰੜੀ ਨਿਗਰਾਨੀ ਅਤੇ ਪੜ੍ਹਤਾਲ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਸਰਟੀਫਿਕੇਸ਼ਨ ਦਿੱਤੀ ਜਾਂਦੀ ਹੈ।

ਹੋਸ਼ਾਲੀ ਦੇ ਗਾਜਰ ਅਤੇ ਚੁਕੰਦਰ ਉਤਪਾਦ 66 ਵਰ੍ਹਿਆਂ ਦੇ ਕਿਸਾਨ ਨਾਗਰਾਜ ਅਨੁਸਾਰ ਬਾਜ਼ ਾਰ ਤੱਕ ਸਿੱਧੀ ਪਹੁੰਚ ਸਦਕਾ ਉਹਨਾਂ ਨੂੰ ਬਹੁਤ ਲਾਭ ਹੋਇਆ ਹੈ ਅਤੇ ਬੀਤੇ ਚਾਰ ਸਾਲਾਂ ਵਿੱਚ ਉਹਨਾਂ ਦੀ ਆਮਦਨੀ ਦੁੱਗਣੀ ਹੋ ਗਈ ਹੈ। ਆਮ ਬਾਜ਼ਾਰ ਵਿੱਚ 12 ਤੋਂ 18 ਰੁਪਏ ਪ੍ਰਤਿ ਕਿੱਲੋ ਵਿਕਣ ਵਾਲੀ ਕੈਮੀਕਲ ਗਾਜਰ ਦੇ ਮੁਕਾਬਲੇ ਉਹਨਾਂ ਨੂੰ ਸਹਿਜਾ ਰਾਹੀ ਉਹਨਾਂ ਦੀ ਜੈਵਿਕ ਗਾਜਰ 25 ਤੋਂ 35 ਰੁਪਏ ਪ੍ਰਤਿ ਕਿੱਲੋ ਵਿਕਦੀ ਹੈ। ਇੱਥੋਂ ਤੱਕ ਕਿ ਸਹਿਜਾ ਦੀ ਇਸ ਪਹਿਲ ਲਈ ਜੇਕਰ ਅਸੀ ਮਾਮੂਲੀ ਜਿਹਾ ਯੋਗਦਾਨ ਵੀ ਕਟਵਾ ਦਿੰਦੇ ਹਾਂ, ਫਿਰ ਵੀ ਸਾਨੂੰ ਆਪਣੇ ਉਤਪਾਦ ਲਈ 60 ਤੋਂ 80 ਪ੍ਰਤੀਸ਼ਤ ਤੱਕ ਜ਼ਿਆਦਾ ਮਿਲਦਾ ਹੈ।

ਹਾਲਾਂਕਿ ਇਸ ਖੇਤਰ ਦੇ ਕਿਸਾਨਾਂ ਕੋਲ 0.5 ਏਕੜ ਤੋਂ ਲੈ ਕੇ 2.5 ਏਕੜ ਤੱਕ ਦੇ ਛੋਟੇ ਖੇਤ ਹਨ ਪਰ ਉਹ ਸਨਮਾਨਜਨਕ ਜ਼ਿੰਦਗੀ ਜਿਉਂ ਰਹੇ ਹਨ। ਜੈਵਿਕ ਸਬਜ਼ੀਆਂ ਉਗਾਉਣ ਵਾਲੇ ਕਿਸਾਨ ਪਸ਼ੂਧਨ ਨੂੰ ਵੀ ਸੰਭਾਲ ਰਹੇ ਹਨ ਜੋ ਕਿ ਪੋਸ਼ਕ ਤੱਤਾਂ ਦਾ ਅਧਿਕਤਮ ਉਪਯੋਗ ਸੁਨਿਸ਼ਚਿਤ ਕਰਦਾ ਹੈ ਅਤੇ ਨਾਲ ਹੀ ਵਧੇਰੇ ਆਰਥਿਕ ਲਾਭ ਪਹੁੰਚਾਉਂਦਾ ਹੈ।

**ਜੀ ਕ੍ਰਿਸ਼ਨਾ ਪ੍ਰਸਾਦ ਅਤੇ ਬੀ ਸੋਮੇਸ਼**
ਸਹਿਜਾ ਸਮਰਿੱਧਾ
ਨੰ- 7, ਸੈਕਿੰਡ ਕਰਾਸ,ਸੈਵਨਥ ਮੇਨ, ਸੁਲਤਾਨਪੱਲਿਆ
ਬੰਗਲੌਰ - 560032
www.sahajasamrudha.org

**From farm to plate**
**LEISA INDIA, Vol-17, No. 2, June 2015.**

# ਕੁਦਰਤ ਦੀ ਗੋਦ ਵਿੱਚ ਸਿਖਦੇ ਹੋਏ ਭੋਜਨ ਜੁਟਾਉਣਾ

ਸੁਧਿਰੇਂਦਰ ਸ਼ਰਮਾ



ਝੋਨਾ ਲਾਉਣਾ ਸਿੱਖਦੇ ਸੈਲਾਨੀ

**ਜਦ ਭੋਜਨ ਕਰਦੇ ਹੋਏ ਕੰਮ ਬਾਰੇ ਚਰਚਾ ਕਰਨਾ ਇੱਕ ਫ਼ੈਸ਼ਨ ਬਣ ਗਿਆ ਹੈ, ਬਿਲਕੁੱਲ ਉਦੋਂ ਹੀ ਸ਼ਹਿਰੀਆ ਨੂੰ ਕਿਸਾਨਾਂ ਨਾਲ ਸ਼ਹਿਰੀ-ਗ੍ਰਾਮੀਣ ਸਬੰਧ ਨਵਿਉਣ ਦੇ ਮਕਸਦ ਨਾਲ ਮਿੱਤਰਾਂ ਵਜੋਂ ਖੜੇ ਕਰਦੇ ਹੋਏ "ਭੋਜਨ ਦੇ ਮਾਧਿਅਮ ਨਾਲ ਸਿਖਣਾ" ਇੱਕ ਨਿਵੇਕਲੀ ਪਹਿਲਕਦਮੀ ਹੋ ਚੱਲਿਆ ਹੈ।**

ਤੁਹਾਨੂੰ ਆਪਣਾ ਸੁਆਦਲਾ ਭੋਜਨ ਕਿਵੇਂ ਮਿਲਦਾ ਹੈ? ਸਿਰਫ ਇਸ ਲਈ ਕਿ ਤੁਸੀਂ ਇਸਨੂੰ ਜੁਟਾਉਣ ਦੀ ਕੁੱਵਤ ਰੱਖਦੇ ਹੋ ਤੇ ਜਾਂ ਫਿਰ ਕਿਸੇ ਨੇ ਇਸਨੂੰ ਪੈਦਾ ਕਰਨ ਲਈ ਖ਼ੂਨ-ਪਸੀਨਾ ਇੱਕ ਕੀਤਾ ਹੈ, ਇਸ ਲਈ? ਇਸ ਬਾਰੇ ਤੁਹਾਡੀ ਕੀ ਰਾਏ ਹੈ ਕਿ ਤੁਹਾਡਾ ਭੋਜਨ ਕਿੱਥੋਂ ਆ ਰਿਹਾ ਹੈ, ਅਤੇ ਭਵਿੱਖ ਵਿੱਚ ਇਹ ਤੁਹਾਡੇ ਤੱਕ ਕਿੱਥੋਂ ਪਹੁੰਚੇਗਾ? ਇੰਨੀ ਦੂਰੋਂ ਕਿ ਜਿੱਥੇ ਤੁਹਾਡੀ ਪਹੁੰਚ ਵੀ ਨਾ ਹੋਵੇ, ਅਜਿਹੇ ਅਨੇਕਾਂ ਪ੍ਰਸ਼ਨ ਉਹਨਾਂ ਸੈਂਕੜੇ ਘੁਮੱਕੜ ਸੈਲਾਨੀਆਂ ਨੂੰ ਮਹਾਨਗਰ ਮੁੰਬਈ ਅਤੇ ਪੂਨੇ ਤੋਂ 2 ਘੰਟਿਆਂ ਦੀ ਦੂਰੀ 'ਤੇ ਮਹਾਰਾਸ਼ਟਰ ਦੀ ਕਾਰਜਾਤ ਤਾਲੁਕਾ ਵਿਖੇ ਸੂਬੇ ਦੇ ਖੇਤੀ-ਸੈਰ-ਸਪਾਟਾ ਕੇਂਦਰ 'ਸਗੁਨਾ ਬਾਗ' ਵੱਲ ਖਿੱਚ ਲਿਜਾਂਦੇ ਹਨ।

ਕੋਈ ਦੋ ਦਹਾਕੇ ਪਹਿਲਾਂ ਜਨਤਕ ਤੌਰ 'ਤੇ ਉੱਭਰ ਕੇ ਸਾਹਮਣੇ ਆਏ ਇਸ ਮਾਡਲ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਹਫ਼ਤੇ ਦੇ ਅੰਤਲੇ ਦਿਨੀਂ ਔਸਤਨ 400 ਸ਼ਹਿਰੀ ਖਾਲੀ ਸਮੇਂ ਵਿੱਚ ਸਿਖਦੇ ਹੋਏ ਖੇਤੀ ਦੇ ਬਹੁਪੱਖੀ ਫ਼ਾਇਦਿਆਂ ਨੂੰ ਸਮਝਣ ਲਈ 50 ਏਕੜ ਦੇ ਇਸ ਖੇਤ ਵਿੱਚ ਨਿਰੰਤਰ ਆਉਂਦੇ ਹਨ। ਨੇੜਲੇ ਪਿੰਡਾਂ ਦੇ 60 ਨੌਜਵਾਨਾਂ ਦੀ ਇੱਕ ਟੀਮ ਦੁਆਰਾ ਹਫ਼ਤਾ-ਦਰ -ਹਫ਼ਤਾ ਇਸ ਫਾਰਮ 'ਤੇ ਆਉਣ ਵਾਲੇ ਆਦਮੀਆਂ, ਔਰਤਾਂ ਅਤੇ ਬੱਚਿਆਂ ਦੀ ਭੀੜ ਨੂੰ ਲੋੜੀਂਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਖੇਤ ਵਿੱਚੋਂ ਫੜੇ ਗਏ ਵੱਖ-ਵੱਖ ਕਿਸਮਾਂ ਦੇ ਸੱਪਾਂ ਬਾਰੇ ਜਾਨਣ ਦੀ ਲਲਕ ਨੇ ਸੈਲਾਨੀਆਂ ਦੇ ਪਹਿਲੇ ਪੂਰ ਨੂੰ ਖੇਤ ਵੱਲ ਆਕ੍ਰਸ਼ਿਤ ਕੀਤਾ। ਚੰਦਰਸ਼ੇਖਰ ਭਦਸਾਵਲੇ ਉਦੋਂ ਤੋਂ ਹੀ ਆਪਣੀ ਬੰਜਰ ਜ਼ਮੀਨ ਨੂੰ ਸਿਖਲਾਈ ਦੀ ਪ੍ਰਯੋਗਸ਼ਾਲਾ ਵਿੱਚ ਬਦਲ ਚੁੱਕੇ ਹਨ। ਬੀਤਦੇ ਵਰ੍ਹਿਆਂ ਨਾਲ, ਇਹ ਖੇਤ ਇੱਕ ਅਜਿਹੇ ਮੰਚ ਵਜੋਂ ਉੱਭਰਿਆ ਹੈ ਜਿੱਥੇ ਆਰਾਮ, ਸਿਖਲਾਈ ਅਤੇ ਮਨੋਰੰਜਨ ਤਿੰਨੇਂ ਮਿਲ ਕੇ ਸ਼ਹਿਰ ਨੂੰ ਪਿੰਡ ਨਾਲ ਜੋੜਨ ਦਾ ਅਹਿਮ ਕਾਰਜ ਅੰਜ਼ਾਮ ਦਿੰਦੇ ਹਨ। ਭਦਸਾਵਲੇ ਅਨੁਸਾਰ "ਸਗੁਨਾ ਬਾਗ" ਸਥੂਲ (ਖੇਤ ਦੀ ਉਪਜ) ਨੂੰ ਸੂਖਮ (ਗ੍ਰਾਮੀਣ ਵਾਤਾਵਰਣ) ਨਾਲ ਇਸ ਪ੍ਰਕਾਰ ਜੋੜਦਾ ਹੈ ਕਿ ਲੋਕ ਉੱਥੇ ਮਿਲਣ ਵਾਲੀਆਂ ਕੁਦਰਤੀ ਸੇਵਾਵਾਂ ਲਈ ਵਿਸ਼ੇਸ਼ ਕੀਮਤ ਅਦਾ ਕਰਦੇ ਹਨ। ਇੱਥੇ ਪਖੇਰੂ ਨਿਹਾਰਨ ਤੋਂ ਪਣ-ਖੇਡਾਂ ਖੇਡਦੇ ਹੋਏ ਅਤੇ ਮੱਛੀਆਂ ਫੜਨ ਤੋਂ ਲੈ ਕੇ ਖੇਤੀ ਸਿੱਖਣ ਤੱਕ ਸੈਲਾਨੀ ਨਾ ਸਿਰਫ ਭੋਜਨ ਉਪਜਾਉਣ ਬਾਰੇ ਵਿਸਥਾਰ ਨਾਲ ਸਿਖਦੇ ਹਨ ਸਗੋਂ ਖੇਤੀ-ਕਿਸਾਨੀ ਨੂੰ ਤਬਾਹ ਕਰਨ ਵਾਲੀਆਂ ਮੁਸ਼ਕਿਲਾਂ ਨਾਲ ਵੀ ਪਰਿਚਤ ਹੁੰਦੇ ਹਨ।

ਖੇਤੀ ਵਿੱਚ ਨਿਰੰਤਰ ਆ ਰਹੇ ਨਿਘਾਰ ਨੂੰ ਠੱਲਣ, ਖੇਤੀ ਵਿੱਚ ਕਿਸਾਨਾਂ ਦੇ ਆਤਮਵਿਸ਼ਵਾਸ਼ ਨੂੰ ਮੁੜ ਸੁਰੀਜਤ ਕਰਨ ਅਤੇ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਨ ਅਹਿਮ ਮੁੱਦੇ ਹਨ। ਸਗੁਨਾ ਬਾਗ ਦੀ ਖਾਸੀਅਤ ਹੈ ਕਿ ਇੱਥੇ ਆਉਣ ਵਾਲੇ ਕੁਦਰਤ ਦੇ ਨੇੜੇ ਵਿਚਰਣ ਦੇ ਨਾਲ-ਨਾਲ ਇਹ ਵਿਚਾਰਾਂ ਵੀ ਕਰਦੇ ਹਨ ਕਿ ਖੇਤੀ ਕਿਸਾਨੀ ਨੂੰ ਹੋਰਨਾਂ ਵਰਗਾਂ ਦੀ ਪ੍ਰਸ਼ੰਸ਼ਾ ਪਾਤਰ ਬਣਾਉਣ ਲਈ ਕਿਸ ਪ੍ਰਕਾਰ ਕਿਸਾਨਾਂ ਦੀ ਸਹਾਇਤਾ ਕੀਤੀ ਜਾਵੇ। ਭਦਸਾਵਲੇ ਦੇ ਸ਼ਬਦਾਂ 'ਚ 'ਪ੍ਰਸ਼ੰਸ਼ਾ ਸਦਕਾ ਆਤਮ ਵਿਸ਼ਵਾਸ਼ ਵਧਣ ਦੇ ਨਾਲ-ਨਾਲ ਕਿਸਾਨੀ ਸਵੈਮਾਣ ਵੀ ਮੁੜ ਬਹਾਲ ਹੁੰਦਾ ਹੈ।'

ਇੱਕ ਕਿੱਤੇ ਵਜੋਂ ਕਿਸਾਨੀ ਸਵੈਮਾਣ ਦੀ ਮੁੜ ਬਹਾਲੀ ਹੀ ਇਸ ਖੇਤ ਨੂੰ ਖੇਤੀ-ਪ੍ਰਯਟਨ ਕੇਂਦਰ ਵਜੋਂ ਖੜਾ ਕਰਨ ਵਾਲੀ ਮੁੱਖ ਕੂੰਜ਼ੀ ਹੈ। ਸਗੁਨਾ ਬਾਗ ਸਮਾਜ ਵਿੱਚ ਬੀਤੇ ਕਾਫ਼ੀ ਸਮੇਂ ਤੋਂ ਜਿੱਲਤ ਗ੍ਰਸਤ ਅਤੇ ਘਾਟੇ ਦੇ ਸੌਦੇ ਵਜੋਂ ਜਾਣੀ ਜਾਣ ਵਾਲੀ ਖੇਤੀ ਕਿਸਾਨੀ ਦੀ ਪ੍ਰਤਿਸ਼ਠਾ ਨੂੰ ਉੱਚਾ ਚੁੱਕਣ ਦੀ ਪੂਰਨ ਕਾਬਲੀਅਤ ਰੱਖਦਾ ਹੈ।

> ਸਗੁਨਾ ਬਾਗ ਵਿੱਚ ਸਹਿਭਾਗੀ ਸਿਖਸ਼ਣ ਅਤੇ ਕੰਮਾਂ ਲਈ ਅਪਨਾਏ ਗਏ ਤਰੀਕੇ ਅਤੇ ਪਹੁੰਚਾਂ ਕਿਸਾਨਾਂ ਅਤੇ ਸ਼ਹਿਰੀਆਂ ਲਈ ਜੈਵ-ਵਿਭਿੰਨਤਾ ਨਾਲ ਮੁੜ ਜੁੜਨ ਅਤੇ ਆਪਣੀ ਆਜੀਵਿਕਾ ਤੇ ਸੰਸਕ੍ਰਿਤੀ ਨੂੰ ਟਿਕਾਊ ਬਣਾਉਣ ਵਿੱਚ ਮਦਦਗਾਰ ਸਿੱਧ ਹੋ ਸਕਦੀਆਂ ਹਨ।



ਪਾਣੀ ਦੀਆਂ ਖੇਡਾਂ ਵਿਸ਼ੇਸ਼ ਖਿੱਚ ਦਾ ਕੇਂਦਰ ਹਨ।

ਸਗੁਨਾ ਬਾਗ ਵਿੱਚ ਸਹਿਭਾਗੀ ਸਿਖਸ਼ਣ ਅਤੇ ਕੰਮਾਂ ਲਈ ਅਪਨਾਏ ਗਏ ਤਰੀਕੇ ਅਤੇ ਪਹੁੰਚਾਂ ਕਿਸਾਨਾਂ ਅਤੇ ਸ਼ਹਿਰੀਆਂ ਲਈ ਜੈਵ-ਵਿਭਿੰਨਤਾ ਨਾਲ ਮੁੜ ਜੁੜਨ ਅਤੇ ਆਪਣੀ ਆਜੀਵਿਕਾ ਤੇ ਸੰਸਕ੍ਰਿਤੀ ਨੂੰ ਟਿਕਾਊ ਬਣਾਉਣ ਵਿੱਚ ਮਦਦਗਾਰ ਸਿੱਧ ਹੋ ਸਕਦੀਆਂ ਹਨ। ਇਹ ਮਾਡਲ ਇਸ ਤੱਥ ’ਤੇ ਵੀ ਰੌਸ਼ਨੀ ਪਾਉਂਦਾ ਹੈ ਕਿ ਕਿਸਾਨਾਂ ਵਿੱਚ ਸਿਰਫ ਟਿਕਾਊ ਖੇਤੀ ਵਿਧੀਆਂ ਨੂੰ ਉਤਸ਼ਾਹਿਤ ਕਰਨ ਨਾਲ ਹੀ ਖੇਤੀ ਕਿਸਾਨੀ ਦੀ ਪ੍ਰਤਿਸ਼ਠਾ ਮੁੜ ਬਹਾਲ ਹੋ ਸਕਣਾ ਸੰਭਵ ਨਹੀਂ ਹੈ ਸਗੋਂ ਇਹ ਤਦ ਹੀ ਸੰਭਵ ਹੋ ਸਕੇਗਾ ਜਦ ਖੇਤੀ-ਪ੍ਰਯਟਨ (ਐਗਰੋ-ਟੂਰਿਜ਼ਮ)ਸਦਕਾ ਇਸਦੀ ਆਰਥਿਕਤਾ ਨੂੰ ਠੁੰਮਣਾ ਦਿੱਤਾ ਜਾਵੇਗਾ। ਇੱਥੇ ਇਹ ਜ਼ਿਕਰਯੋਗ ਹੈ ਕਿ ਸਗੁਨਾ ਬਾਗ ਦੀ ਕੁੱਲ ਆਮਦਨ ਵਿੱਚ ਖੇਤੀ-ਪ੍ਰਯਟਨ ਦਾ ਯੋਗਦਾਨ 40% ਹੈ।

ਦੇਸ ਦੇ ਧੁਰ ਅੰਦੂਰਨੀ ਭਾਗਾਂ ’ਚ ਰਹਿਣ ਵਾਲੇ ਕਿਸਾਨ ਸਮੁਦਾਇ ਲਈ ਸ਼ਹਿਰੀ ਖੇਤਰਾਂ ਵਿਚਲੇ ਆਪਣੇ ਸਹਿਭਾਗੀਆਂ ਨਾਲ ਸੰਵਾਦ ਰੱਖਣਾ ਬੇਹੱਦ ਮਹੱਤਵਪੂਰਨ ਹੈ। ਐਗਰੋ ਟੂਰਿਜ਼ਮ ਇਸ ਸੰਵਾਦ ਅਤੇ ਸਾਂਝੀ ਖੁਸ਼ੀ ਲਈ ਸਰਵਉੱਤਮ ਮੰਚ ਮੁਹਈਆ ਕਰਦਾ ਹੈ। ਪੂਰੇ ਹਫ਼ਤੇ ਦੌਰਾਨ ਖੇਤ ਦੇ ਬਿਹਤਰ ਵਿਕਾਸ ਲਈ ਬਿਤਾਏ ਚੰਗੇ ਵਕਤ ਨੂੰ ਪਿੱਛੇ ਛੱਡਦੇ ਹੋਏ ਸਪਤਾਹ ਅੰਤ ’ਤੇ ਕਿਸਾਨ ਦੀ ਸਾਰੀ ਵਾਧੂ ਸਮਰੱਥਾ ਖੇਤ ਦੇ ਕੰਮ ਆ ਜਾਂਦੀ ਹੈ।

ਇਸ ਪ੍ਰਾਕਾਰ ਕਿਸਾਨ ਨੇ ਸਪਤਾਹ ਅੰਤ ਵਿੱਚ ਕੁੱਝ ਨਵਾਂ ਕਰਨ ਦੇ ਉਦੇਸ਼ ਨਾਲ ਆਪਣੀ ਰੋਜ਼ਮਰ੍ਹਾ ਦੀ ਸਖਤ ਜੀਵਨ ਸ਼ੈਲੀ ਵਿੱਚ ਇੱਕ ਸਾਰਥਕ ਬਦਲਾਅ ਲਿਆਂਦਾ ਹੈ। ਕਿਸਾਨ ਨਾਲ ਸਿੱਧਿਆਂ ਜੁੜਨ ਸਦਕਾ ਸ਼ਹਿਰੀਆਂ ਨੂੰ ਭੋਜਨ ਉਗਾਉਣਾ ਦਾ ਵੱਲ ਪਤਾ ਚਲਦਾ ਹੈ ਅਤੇ ਬਦਲੇ ਵਿੱਚ ਉਹ ਆਪਣੀਆਂ ਭੋਜਨ ਸਬੰਧੀ ਆਦਤਾਂ ਵਿੱਚ ਸੁਧਾਰ ਲਿਆਉਂਦੇ ਹਨ। ਖੇਤੀ ਵਿੱਚ ਉਹ ਕਈ ਪ੍ਰਕਾਰ ਨਾਲ ਸਹਿਭਾਗੀ ਬਣਦੇ ਹਨ। ਜਿਵੇਂ ਕਿ ਸਿੱਧਿਆਂ ਖੇਤ ’ਚੋਂ ਖਰੀਦਣਾ, ਕਿਸਾਨਾਂ ਨਾਲ ਕੀ ਅਤੇ ਕਿਵੇਂ ਉਗਾਉਣ ਬਾਰੇ ਵਿਚਾਰ ਕਰਨਾ, ਮਜ਼ਦੂਰੀ, ਗਿਆਨ ਤੇ ਵਿੱਤੀ ਯੋਗਦਾਨ ਦੇ ਰੂਪ ਵਿੱਚ ਮਦਦ ਕਰਨਾ ਆਦਿ।

ਸਗੁਨਾ ਬਾਗ ਐਗਰੋ ਟੂਰਿਜ਼ਮ ਵਿੱਚ ਆਪਣਾ ਪੁਖਤਾ ਸਥਾਨ ਬਣਾਉਣ ਉਪਰੰਤ ਹੁਣ ਸ਼ਹਿਰੀ ਸੈਲਾਨੀਆਂ ਨਾਲ ਆਪਣੇ ਜੁੜਾਅ ਦੇ ਅਗਲੇ ਪੜਾਅ ਵੱਲ ਵਧ ਰਿਹਾ ਹੈ। ਹੁਣੇ-ਹੁਣੇ ਲਾਗੂ ਹੋਇਆ ਇੱਕ ਅਸਲੋਂ ਹੀ ਨਿਵੇਕਲਾ ਵਿਚਾਰ, ‘ਫਾਈਡ ਫਾਰਮਰ ਫਰੈਂਡ’ (3 ਐੱਫ) ਕਿਸਾਨਾਂ ਨਾਲ ਜੁੜ ਕੇ ਪ੍ਰਸਪਰ ਭਰੋਸਾ ਅਤੇ ਸਦੀਵੀ ਵਿਸ਼ਵਾਸ਼ ਪੈਦਾ ਕਰਨ ਵਿੱਚ ਦਿਲਚਸਪੀ ਰੱਖਣ ਵਾਲੇ ਸੈਲਾਨੀਆਂ ਨੂੰ ਇਸ ਲਹਿਰ ਨਾਲ ਜੁੜਨ ਲਈ ਕਾਫ਼ੀ ਉਤਸ਼ਾਹਿਤ ਕਰ ਰਿਹਾ ਹੈ।

ਇੱਕ ਨਵਾਂ ਗ੍ਰਾਮੀਣ-ਸ਼ਹਿਰੀ ਸਬੰਧ ਉਸਾਰਦੇ ਹੋਏ ਸ਼ਹਿਰੀਆਂ ਅਤੇ ਕਿਸਾਨਾਂ ਵਿੱਚ “ਭੋਜਨ ਦੇ ਮਾਧਿਅਮ ਨਾਲ ਸਿਖਣਾ”, ਵਿਚਾਰ ਦੀ ਸਥਾਪਤੀ ਲਈ ਇਹ ਇੱਕ ਅਸਲੋਂ ਹੀ ਨਿਵੇਕਲੀ ਸ਼ੁਰੂਆਤ ਹੈ

ਸਗੁਨਾ ਬਾਗ ਬਾਰੇ ਵਧੇਰੇ ਜਾਣਕਾਰੀ ਲਈ ਫੇਰੀ ਪਾਓ:
www.sagunabaug.com

**ਡਾ. ਸੁਧਿਰੇਂਦਰ ਸ਼ਰਮਾ** ਈਕੋਲੌਜ਼ੀਕਲ ਫਾਊਂਡੇਸ਼ਨ ਨਵੀਂ ਦਿੱਲੀ, ਭਾਰਤ ਵਿਖੇ ਕਾਰਜਰਤ ਹਨ। ਇਹ ਖੇਤੀ ਅਤੇ ਇਸ ਨਾਲ ਜੁੜੇ ਵਿਕਾਸ ਸਬੰਧੀ ਮੁੱਦਿਆਂ ਉੱਤੇ ਖੋਜ਼ ਅਤੇ ਲੇਖਣ ਦਾ ਕੰਮ ਕਰਦੇ ਹਨ।

**Learning Lunch with Nature**
**LEISA INDIA, Vol-17, No. 2, June 2015.**